
# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

## ਸਿੱਖੀ ਖ਼ਾਤਰ ਚਰਖੜੀਆਂ ਤੇ ਚੜ੍ਹ ਕੇ ਤੂੰਬਾ ਤੂੰਬਾ ਹੋ ਗਏ

ਸਤੰਬਰ ੧੯੭੬



SEP 1976

ਭਾਈ ਸ਼ਾਹਬਾਜ਼ ਸਿੰਘ ਸੁਬੇਗ ਸਿੰਘ ਜਹੇ ਅਨੇਕਾਂ ਗੁਰੂ ਕੇ ਲਾਲ ਇਨ੍ਹਾਂ ਖ਼ੂਨੀ ਚਰਖੜੀਆਂ ਦੀ ਭੇਟ ਹੋਏ ਪਰ ਸਿੱਖੀ ਸਿਦਕ ਤੋਂ ਜ਼ਰਾ ਨਹੀਂ ਡੋਲੇ ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ੩/੭੦-੬੮-੨੧ (ਮਿਤੀ-੧੭੧੦-੬੮ ਅ. ਪ.) ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

## ਤਤਕਰਾ


| | | |
|---|---|---|
| ਬਰ ਦਰਿ ਦਰਗਾਹਿ ਮੌਲਾ (ਫ਼ਾਰਸੀ ਗ਼ਜ਼ਲ) | ਭਾਈ ਨੰਦ ਲਾਲ ਜੀ | ੧ |
| ਦਾਤੇ ਦੇ ਦਰ ਤੇ ਪਹੁੰਚੇ ਹੁਣ ਤਾਂ (ਪੰਜਾਬੀ ਕਾਵਿ ਰੂਪ) | ਸ: ਵਿਧਾਤਾ ਸਿੰਘ ਜੀ ਤੀਰ | ੨ |
| ਜਮ ਤੇ ਜਮਪੁਰੀ (੫) | ਭਾਈ ਸਾਹਿਬ ਰਣਧੀਰ ਸਿੰਘ ਜੀ | ੩ |
| ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ | ਸਾਰੰਗ ਜੀ, ਕਪੂਰਥਲਾ | ੧੦ |
| ਸਗਲ ਸੰਗਿ ਹਮ ਕਉ ਬਨਿ ਆਈ (ਕਵਿਤਾ) | ਸ: ਮੋਹਨ ਸਿੰਘ ਜੀ | ੧੨ |
| ਕੇਸਕੀ ਦੀ ਸੋਭਾ | ਭਾਈ ਸਾਹਿਬ ਰਾਮ ਸਿੰਘ ਜੀ | ੧੩ |
| ਅਫ਼ਗਾਨਿਸਤਾਨ ਵਿਚ ਗੁਰਸਿੱਖੀ | ਗਿ: ਬਲਦੇਵ ਸਿੰਘ ਜੀ ਕਾਨ੍ਹਪੁਰ | ੧੮ |
| ਸ਼੍ਰੋਮਣੀ ਕਮੇਟੀ ਅਤੇ ਪਦ-ਛੇਦ ਬੀੜ | 'ਸੂਰਾ' ਪਰਵਾਰ | ੨੦ |
| ਬਾਂਹਿ ਜਿਨ੍ਹਾਂ ਦੀ ਪਕੜੀਏ | ਕੈਪਟਨ ਸਵਰਨ ਸਿੰਘ ਜੀ | ੨੭ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਲਮ ਸਾਖੀਆਂ (੨) | ਭਾਈ ਸਾਹਿਬ ਡਾ: ਵੀਰ ਸਿੰਘ ਜੀ | ੩੩ |
| ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਲਮ ਸਾਖੀਆਂ (੨) | ,, ,, ,, | ੩੪ |
| ਬੀਬੀ ਅਮਰੋ ਜੀ | ਸ. ਵਰਿਆਮ ਸਿੰਘ ਜੀ, ਦਿਲੀ | ੩੫ |
| ਕੀ ਮਾਸ ਖਾਣ ਨਾਲ ਵੀਰਤਾ ਆਉਂਦੀ ਹੈ ? | ਜੇ. ਪੀ. ਸੰਗਤ ਸਿੰਘ ਜੀ, ਬੰਬਈ | ੩੮ |


**ਗੁਰੂ ਰਾਮਦਾਸ ਜੀ ਗੁਰਿਆਈ ਮਿਲੀ ੬ ਸਤੰਬਰ, ਗੁਰੂ ਅਮਰਦਾਸ ਜੀ ਜੋਤੀ ਜੋਤਿ ਸਮਾਏ ੮ ਸਤੰਬਰ**
**ਗੁਰੂ ਅੰਗਦ ਦੇਵ ਜੀ ਗੁਰਿਆਈ ਮਿਲੀ ੧੩ ਸਤੰਬਰ, ਗੁਰੂ ਨਾਨਕ ਦੇਵ ਜੀਜੋਤੀ ਜੋਤਿ ਸਮਾਏ੧੯ ਸਤੰਬਰ**

## ਰਿਸ਼ਤੇ ਨਾਤੇ—

ਲੋੜਵੰਦ ਸਜਣ ਚਿੱਠੀ 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਨੂੰ ਲਿਖਣ ਅਤੇ ਐਡਰੈਸ ਦੇ ਉਪਰ ਫ਼ਾਰਮ ਨੰਬਰ ਜ਼ਰੂਰ ਲਿਖਣ।

**ਫ਼ਾਰਮ ਨੰਬਰ ੪੯**—ਇਕ ੨੩ ਸਾਲਾ ਦੁਹਾਜੂ ਅੰਮ੍ਰਿਤਧਾਰੀ ਸਿੰਘ, ਬਰ ਸਰੇ ਰੁਜ਼ਗਾਰ, ਕਦ ਪੰਜ ਫ਼ੁਟ ਅਠ ਇੰਚ, ਸਿਹਤ ਚੰਗੀ, ਮੈਟ੍ਰਿਕ ਪਾਸ ਲਈ, ਇਕ ਰਹਿਤਵਾਨ ਬੀਬੀ ਦੀ ਲੋੜ ਹੈ।

**ਫ਼ਾਰਮ ਨੰਬਰ ੫੦**—ਇਕ ੨੬ ਸਾਲਾ ਗੁਰਮੁਖ ਰਹਿਤਵਾਨ ਸਿੰਘ, ਕੀਰਤਨੀਆ, ਅਖੰਡਪਾਠੀ, ਲੈਕਚਰਾਰ, ਡਬਲ ਐਮ. ਏ. (ਪੰਜਾਬੀ ਤੇ ਗੁਰਮਤਿ),ਕਦ ਸਾਢੇ ਪੰਜ ਫ਼ੁਟ, ਸਿਹਤ ਚੰਗੀ, ਮਾਸਕ ਆਮਦਨੀ ੭੦੦/- ਲਈ, ਇਕ ਪੜ੍ਹੀ ਲਿਖੀ ਰਹਿਤਵਾਤ ਸੁਸ਼ੀਲ ਲੜਕੀ ਦੀ ਲੋੜ ਹੈ।

**ਫ਼ਾਰਮ ਨੰਬਰ ੫੧**—ਇਕ ਸਾਢੇ ਪੰਝੀ ਸਾਲਾ ਸਿਖ ਨੌਜਵਾਨ, B. A. Com. ਸਰਕਾਰੀ ਨੌਕਰ, ਕਦ ਪੰਜ ਫ਼ੁਟ ਅਠ ਇੰਚ, ਮਾਸਕ ਆਮਦਨ ੫੦੦/- ਲਈ ਗੁਰਸਿਖ ਬੀਬੀ ਦੀ ਲੋੜ ਹੈ, ਸਰਕਾਰੀ ਨੌਕਰੀ ਵਾਲੀ ਨੂੰ ਤਰਜੀਹ ਦਿਤੀ ਜਾਵੇਗੀ।

ਗੰਭੀਰ ਪ੍ਰਿੰਟਿੰਗ ਪ੍ਰੈਸ, ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੨.੯.੭੬ ਨੂੰ ਪ੍ਰਕਾਸ਼ਤ ਕੀਤਾ।

ਟੈਲੀਫ਼ੋਨ ਨੰਬਰ 5 1 8 4 7

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





ਸਲਾਨਾ ਚੰਦਾ ੮—੦੦
ਪਰਦੇਸ ੧੮—੫੦
ਹਵਾਈ ਰੇਟ ਵੱਖ ਵੱਖ
ਇਕ ਪਰਚਾ ੦—੭੫



**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਗਿ: ਜਸਵੰਤ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੦ ਸਤੰਬਰ ੧੯੭੬ ਅੰਕ ੯


### ਬਰ ਦਰਿ ਦਰਗਾਹਿ ਮੌਲਾ, ਅਲ਼ਗ਼ਿਆਸ

ਅਜ਼ ਦੋ ਚਸ਼ਮਿ ਮਸਤ ਸ਼ੁਅਲਾ, ਅਲ-ਗ਼ਿਆਸ।
ਅਜ਼ ਲਬੋ ਦਹਨੇ ਸ਼ਕਰਖ਼ਾ, ਅਲ-ਗ਼ਿਆਸ ॥੧॥

ਵਾਏ, ਬਰ ਨਫ਼ਸੇ ਕਿ, ਬੇਹੂਦਾ ਗੁਜ਼ੱਸ਼ਤ।
ਅਲ-ਗ਼ਿਆਸ, ਅਜ਼ ਗ਼ਫ਼ਲਤਿ ਮਾ, ਅਲ-ਗਿਆਸ ॥੨॥

ਅਜ਼ ਨਜ਼ਾਇ ਕੁਫ਼ਰੋ ਦੀਂ, ਦਿਲ ਬਰ-ਹਮ ਅਸਤ।
ਬਰ ਦਰਿ ਦਰਗਾਹਿ ਮੌਲਾ, ਅਲ-ਗ਼ਿਆਸ ॥੩॥

ਲੋ-ਲਿਆਨਿ ਸ਼ੇਖ਼, ਆਲਮ ਦਰ ਰਬੂਦ।
ਮੇ-ਕੁਨਮ ਅਜ਼ ਦਸਤਿ ਆਂਹਾ, ਅਲ-ਗ਼ਿਆਸ ॥੪॥

ਐ, ਜ਼ਿ ਦਸਤਿ ਖ਼ੰਜਰਿ ਮਿਯਗਾਨਿ ਊ।
ਮੇ-ਸ਼ਵਦ ਖ਼ਾਮੋਸ਼ ,ਗੋਇਆ' ਅਲ-ਗ਼ਿਆਸ ॥੫॥

ਪੰਜਾਬੀ ਉਲਥਾ ਵੇਖੋ ਸਫ਼ਾ ੨] [ਭਾਈ ਨੰਦ ਲਾਲ ਜੀ, ਗ਼ਜ਼ਲ ੧੫


ਚਿੱਠੀ ਪੱਤਰ ਤੇ ਰਕਮ ਭੇਜਣ ਲਈ :—
ਮੈਨੇਜਰ 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ


www.AKJ.Org

# ਦਾਤੇ ਦੇ ਦਰ ਤੇ ਪਹੁੰਚੇ ਹੁਣ ਤਾਂ, ਮੇਰੀ ਦਰਦ-ਦੁਹਾਈ

ਮਸਤ ਗੁਲਾਬੀ ਡੋਰਿਆਂ ਵਾਲੇ, ਦੋ ਨੈਣਾਂ ਤੋਂ ਤੋਬਾ।
ਖਿੜੇ ਬੁਲ੍ਹਾਂ ਹੱਸਦੇ ਚਿਹਰੇ ਤੋਂ, ਤੋਬਾ, ਅਚਰਜ ਸੋਭਾ ॥੧॥
ਝੂਰਾਂ ਤੇ ਪਛਤਾਵਾਂ ਉਸ ਤੇ, ਜੋ ਸਾਹ ਬਿਰਥਾ ਲੰਘਿਆ।
ਤੋਬਾ ਤੋਬਾ ਉਸ ਆਲਸ ਤੋਂ, ਜਿਸ ਨੇ ਇਸ਼ਕ ਨ ਮੰਗਿਆ ॥੨॥
ਸ਼ਰਾਅ ਕੁਫ਼ਰ ਦੋਹਾਂ ਦੇ ਜੰਗ ਤੋਂ, ਜਿੰਦ ਮੇਰੀ ਘਬਰਾਈ।
ਦਾਤੇ ਦੇ ਦਰ ਪਹੁੰਚੇ ਹੁਣ ਤਾਂ, ਮੇਰੀ ਦਰਦ-ਦੁਹਾਈ ॥੩॥
ਦਿਲ ਦੁਨੀਆ ਦਾ ਲੁੱਟ ਕੇ ਲੈ ਗਈ, ਇਹ ਨਖ਼ਰੇਲੋ ਮਾਇਆ।
ਇਸ ਤੋਂ ਸੜਿਆ ਦਏ ਦੁਹਾਈ, ਦਿਲ ਮੇਰਾ ਘਬਰਾਇਆ ॥੪॥
ਗੋਇਆ ਉਸ ਦੀ ਪਲਕ-ਕਟਾਰੋਂ, ਕਦ ਤੋੜੀ ਚੁਪ ਧਾਰੇ।
'ਰਾਮ ਦੁਹਾਈ' 'ਰਾਮ ਦੁਹਾਈ', ਇਹ ਦਿਲ ਪਿਆ ਪੁਕਾਰੇ ॥੫॥

[ਸ: ਵਿਧਾਤਾ ਸਿੰਘ ਜੀ 'ਤੀਰ'

---

# ਫ਼ਾਰਸੀ ਗ਼ਜ਼ਲ ਦੇ ਔਖੇ ਪਦਾਂ ਦੇ ਅਰਥ

ਅਜ਼–ਤੋਂ। ਚਸ਼ਮ–ਨੇਤਰ। ਸ਼ੁਅਲਾ–ਅੱਗ ਦੀ ਲਾਟ। ਚਸ਼ਮਿ ਮਸਤ ਸ਼ੁਅਲਾ–(ਪਿਆਰੇ ਪ੍ਰੀਤਮ ਮਾਹੀ ਦੇ) ਅੱਗ ਵਾਂਗ ਭਖਦੇ ਰੰਗ-ਰਤੜੇ ਮਸਤਾਨੇ ਨੇਤਰ। ਅਲਗਿਆਸ–ਤੋਬਾ, ਦੁਹਾਈ। ਲਬੋ–ਲਬ ਓ, ਬੁਲ੍ਹ ਅਤੇ। ਦਹਨ–ਮੂੰਹ। ਸ਼ਕਰਖ਼ਾ–ਮਿਠ-ਬੋਲੇ, ਮੁਸਕ੍ਰਾਉਂਦੇ। ਅਜ਼ ਲਬੋ ਦਹਨਿ ਸ਼ਕਰਖ਼ਾ–ਮਿਠ-ਬੋਲੇ ਬੁਲ੍ਹਾਂ ਅਤੇ ਮੁਸਕ੍ਰਾਉਂਦੇ ਮੁਖੜੇ ਤੋਂ। ਇਸ ਪਹਿਲੇ ਬੰਦ ਵਿਚ ਕਲਗੀਧਰ ਪ੍ਰੀਤਮ ਦੀ ਅਨੂਪਮ ਸੁੰਦਰਤਾ ਤੋਂ ਗੋਇਆ ਜੀ ਸਦਕੜੇ ਜਾ ਰਹੇ ਹਨ।੧।

ਵਾਏ–ਅਫ਼ਸੋਸ! ਬਰ ਨਫ਼ਸਿ–ਉਸ ਸਵਾਸ ਉਤੇ। ਕਿ–ਜਿਹੜਾ। ਬੇਹੂਦਾ–ਅਜਾਈਂ, ਬਿਰਥਾ। ਗੁਜ਼ੱਸ਼ਤ–ਗੁਜ਼ਰ ਗਿਆ, ਲੰਘ ਗਿਆ। ਮਾ-ਅਸਾਡੀ। ਇਸ ਬੰਦ ਵਿਚ ਉਨ੍ਹਾਂ ਬੀਤੇ ਸਵਾਸਾਂ ਤੇ ਝੁਰੇਵਾਂ ਅਤੇ ਪਛਤਾਵਾ ਪਰਗਟ ਕੀਤਾ ਹੈ ਜਿਹੜੇ ਪਿਆਰੇ ਪ੍ਰੀਤਮ ਦੇ ਸੁੰਦਰ ਦਰਸ਼ਨਾਂ ਤੋਂ ਵਾਂਝੇ ਰਹੇ ਹਨ।੨।

ਅਜ਼–ਤੋਂ। ਨਜ਼ਾਅ–ਝਗੜਾ। ਕੁਫ਼ਰੋ–ਕੁਫ਼ਰ ਓ, ਅਧਰਮ ਅਤੇ। ਦੀਂ–ਦੀਨ, ਧਰਮ। ਬਰਹਮ–ਪ੍ਰੇਸ਼ਾਨ। ਅਸਤ–ਹੈ। ਬਰ–ਉਤੇ। ਦਰ–ਦਰਵਾਜ਼ਾ। ਦਰਗਹਿ ਮੌਲਾ–ਪ੍ਰਭੂ ਦਾ ਦਰਬਾਰ। ਇਸ ਬੰਦ ਵਿਚ ਭਾਈ ਸਾਹਿਬ ਜੀ ਵਾਹਿਗੁਰੂ ਦੀ ਹਜ਼ੂਰੀ ਵਿਚ ਦੁਹਾਈ ਦਿੰਦੇ ਹਨ, ਪੁਕਾਰ ਕਰਦੇ ਹਨ ਕਿ ਗੋਇਆ ਨੂੰ ਸੋਹਣੇ ਦਾਤੇ ਦੇ ਦਰਸ਼ਨਾਂ ਤੋਂ ਵਾਂਝਿਆਂ ਰਖ ਕੇ ਧਰਮ ਅਧਰਮ ਦੇ ਵਾਦ-ਵਿਵਾਦ ਵਿਚ ਨਾ ਪਾਈਂ।੩।

ਲੋ-ਲਿਆਨਿ ਸ਼ੋਖ਼–ਚੰਚਲ ਤੇ ਚਲਿਤਰਹਾਰੀ ਮਾਇਆ। ਆਲਮ–ਸੰਸਾਰ। ਦਰ–ਵਿਚ। ਰਬੂਦ–(ਦਿਲ) ਖੋਹ ਕੇ ਲੈ ਗਈ। ਮੇ ਕੁਨਮ–ਮੈਂ ਕਰਦਾ ਹਾਂ। ਅਜ਼ ਦਸਤਿ ਆਂਹਾ–ਉਸ (ਮਾਇਆ) ਦੇ ਹੱਥ ਤੋਂ। ਇਸ ਬੰਦ ਵਿਚ ਭਾਈ ਨੰਦ ਲਾਲ ਜੀ ਉਸ ਠਗਣੀ ਮਾਇਆ ਤੋਂ ਬਚਣ ਦੀ ਦੁਹਾਈ ਦਿੰਦੇ ਹਨ, ਜੋ ਸੰਸਾਰ ਭਰ ਦੇ ਜੀਵਾਂ ਦੇ ਦਿਲ ਠਗੀ ਜਾ ਰਹੀ ਹੈ। ਕੇਵਲ ਪ੍ਰੀਤਮ ਦੇ ਦਰਸ਼ਨਾਂ ਵਿਚ ਸਮਾਈ ਦੀ ਲਾਲਸਾ ਦੀ ਮੰਗ ਜਾਪਦੀ ਹੈ।੪।

ਐ–ਹੇ! ਜ਼ਿ–ਤੋਂ। ਦਸਤ–ਬਲ, ਸ਼ਕਤੀ। ਖ਼ੰਜਰ–ਕਟਾਰ। ਮਿਯਗਾਨਿ ਊ–ਉਸ (ਦੇ ਨੇਤਰਾਂ) ਦੀਆਂ ਝਿੰਮਣੀਆਂ। ਮੇ ਸ਼ਵਦ–ਹੋ ਜਾਵੇ। ਖ਼ਾਮੋਸ਼–ਚੁੱਪ। ਇਸ ਬੰਦ ਵਿਚ ਕਲਗੀਧਰ ਜੀ ਦੇ ਨੇਤਰਾਂ ਦੀ ਆਕਰਖਸ਼ਣ ਸ਼ਕਤੀ ਦਾ ਜ਼ਿਕਰ ਕਰਦੇ ਹੋਏ ਭਾਈ ਸਾਹਿਬ ਕਹਿੰਦੇ ਹਨ ਕਿ ਪ੍ਰੀਤਮ ਦੇ ਦਰਸ਼ਨਾਂ ਦੀ ਕਟਾਰੀ ਜਿਸ ਹਿਰਦੇ ਨੂੰ ਜ਼ਖ਼ਮੀ ਕਰ ਜਾਵੇ ਉਹ ਫਿਰ ਬੋਲਣ ਜੋਗਾ ਨਹੀਂ ਰਹਿੰਦਾ।੫।

www.AKJ.Org

# ਜਮ ਤੇ ਜਮਪੁਰੀ (੫)

[ਵਲੋਂ:–ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ ॥ ਤਉ ਸਹ ਸੇਤੀ ਲਗੜੀ ਡੋਰੀ ਨਾਨਕ ਅਨਦ ਸੇਤੀ ਬਨੁ ਗਾਹੀ ॥

[ਸਲੋਕ ਮ: ੫, ਪੰਨਾ ੫੨੦

ਭਾਵਿ—ਅਗੇ ਜਾ ਕੇ ਮਨਮੁਖੀ ਜੀਵ ਨੂੰ ਐਸੇ ਭਿਆਨਕ ਅਤੇ ਓਪਰੇ ਜਮਪੁਰੀ ਦੇ ਮਾਰਗ ਵਿਚ ਦੀ ਗੁਜ਼ਰਨਾ ਪੈਂਦਾ ਹੈ ਜਿਸ ਮਾਰਗ ਦਾ ਅਗੇ ਕੋਈ ਭੀ ਵਾਕਫ਼ਕਾਰ ਨਹੀਂ ਹੁੰਦਾ । ਇਸ ਅਤਿ ਸੁੰਨਸਾਨ ਡਰਾਉਣੇ ਮਾਰਗ ਵਿਚ ਬਿਗਾਨਿਆਂ ਵਾਗੂੰ ਭਮੱਤ੍ਰਿਆ ਹੋਇਆ ਜੀਵ ਡਰ ਨਾਲ ਥਰ ਥਰ ਕੰਬਦਾ ਲਿਜਾਇਆ ਜਾਂਦਾ ਹੈ। ਇਸ ਜਮਪੁਰੀ ਵਿਚ ਹਾਹਾਕਾਰ ਸੁਣੀਂਦੀ ਹੈ, ਜਦੋਂ ਜੀਵ ਜਮਾਂ ਦੀ ਮੁਧਗਰਾਂ ਦੀ ਮਾਰ ਸਹਿੰਦੇ ਹਨ। ਮੁਧਗਰਾਂ ਦੀ ਮਾਰ ਦੇ ਧੈਂਸ ਧੈਂਸ ਕਰਦੇ ਕੁਟਾਪੇ ਦਾ ਉੜਦੂ ਉਠਿਆ ਕੰਨੀਂ ਪਿਆ ਸੁਣੀਂਦਾ ਹੈ, ਤੇ ਜਮ ਮਾਰਗ ਦੇ ਰਾਹ ਲਿਜਾਇਆਂ ਨੂੰ ਭੀ ਇਹ ਹੁੰਮਸ ਧੁੰਮਸੀ ਕੁਟਾਪਾ ਹੁੰਦਾ ਹੈ ਅਤੇ ਕੁਟੀਂਦੇ ਜੀਵਾਂ ਦੀਆਂ ਚੀਖਾਂ ਨਿਕਲ ਜਾਂਦੀਆਂ ਹਨ, ਪਏ ਕੂਕਾਂ ਮਾਰਦੇ ਹਨ। ਆਹੋਜ਼ਾਰ ਕਰਦੇ ਪੁਕਾਰਦੇ ਹਨ, ਪਰ ਕੋਈ ਨਹੀਂ ਇਹ ਕੂਕ ਪੁਕਾਰ ਸੁਣਦਾ। ਜਿਨ੍ਹਾਂ ਦੀ ਨਾਮ ਅਭਿਆਸ ਕਮਾਈਆਂ ਕਰਿ ਵਾਹਿਗੁਰੂ ਦੇ ਚਰਨਾਂ ਨਾਲ ਡੋਰੀ ਲਗੀ ਹੋਈ ਹੁੰਦੀ ਹੈ, ਉਹ ਨਿਰਸੰਸੇ ਹੋ ਕੇ ਆਨੰਦ ਚਿਤਿ ਗੱਦ ਗੱਦ ਕਰਦੇ ਹੋਏ, ਬਨ ਭੀਹਾਵਲੇ ਨੂੰ ਉਲੰਘ ਕੇ ਸਿਧੇ ਸੱਚੀ ਦਰਗਾਹੇ ਜਾ ਸਿਧਾਉਂਦੇ ਹਨ।

ਨਿੰਦਕ ਮਾਰੇ ਤਤਕਾਲਿ ਖਿਨੁ ਟਿਕਣ ਨ ਦਿਤੇ ॥ ਪ੍ਰਭ ਦਾਸ ਕਾ ਦੁਖੁ ਨ ਖਵਿ ਸਕਹਿ ਫੜਿ ਜੋਨੀ ਜੁਤੇ ॥ ਮਥੇ ਵਾਲਿ ਪਛਾੜਿਅਨੁ ਜਮੁ ਮਾਰਗਿ ਮੁਤੇ ॥ ਦੁਖਿ ਲਗੈ ਬਿਲਲਾਣਿਆ ਨਰਕਿ ਘੋਰਿ ਸੁਤੇ ॥ ਕੰਠਿ ਲਾਇ ਦਾਸ ਰਖਿਅਨੁ ਨਾਨਕ ਹਰਿ ਸਤੇ ॥

[ਗੂਜਰੀ ਵਾਰ, ਪੰਨਾ ੫੨੪

ਨਿੰਦਕਾਂ ਦੀ ਜਮ-ਮਾਰਗੀ ਦੁਰਦਸ਼ਾ ਦਾ ਹੂਬਹੂ ਫ਼ੋਟੋ ਖਿਚਿਆ ਗਿਆ ਹੈ। ਜੋ ਪਰਤੱਖ ਵਰਤਾਰਾ ਨਿੰਦਕ ਦੇ ਨਾਲ ਅਗਲੀ ਦਰਗਾਹ ਵਿਚ ਵਰਤਦਾ ਹੈ ਉਹੀ ਇਸ ਗੁਰਵਾਕ ਵਿਖੇ ਇੰਨ ਬਿੰਨ ਉਤਾਰਿਆ ਗਿਆ ਹੈ । ਗੁਰ-ਨਿੰਦਕਾਂ ਨੂੰ ਜਮ-ਮਾਰਗ ਵਿਖੇ ਜਮਦੂਤਾਂ ਦੇ, ਅਗੇ ਧੱਕੇ ਧੂਸੇ ਪੈਂਦੇ ਹਨ। ਉਹਨਾਂ ਨੂੰ ਸਿਰ ਦੇ ਵਾਲਾਂ ਤੋਂ ਫੜ ਕੇ ਬਾਰੰਬਾਰ ਪਟਕਾਇਆ ਜਾਂਦਾ ਹੈ । ਮਾਰੇ ਦੁਖ ਦੇ ਬਿਲਲਾਪ ਕਰਦੇ ਹਨ ਅਤੇ ਰੋਂਦੇ ਕੁਰਲਾਂਦੇ ਤੇ ਚੀਖਾਂ ਮਾਰਦੇ ਹੀ ਘੋਰ ਨਰਕਾਂ ਵਿਚਿ ਸੁਟੇ ਜਾਂਦੇ ਹਨ।

ਜੋ ਕੁਤਰਕੀ ਪੁਰਸ਼ ਇਸ ਸਾਰੇ ਨਜ਼ਾਰੇ ਨੂੰ ਫ਼ਰਜ਼ੀ ਅਤੇ ਕਿਆਸੀ ਹੀ ਸਮਝਦੇ ਹਨ, ਉਹਨਾਂ ਦੀ ਬੁਧੀ ਤੇ ਬਦ-ਇਕੀਦਤ ਦਾ ਪੜਦਾ ਪਿਆ ਹੋਇਆ ਹੈ। ਉਹਨਾਂ ਬੇ-ਏਅਤਕਾਦਿਆਂ ਦਾ ਕਿਤੇ ਠਿਕਾਣਾ ਨਹੀਂ। ਉਹ ਮਾਨੋ ਗੁਰੂ ਦੀ ਨਿਜ ਲਿਖਤੀ ਸ਼ਾਹਦੀ ਦੇ ਮਤਰਾਦਫ਼ ਹੁੰਦੇ ਹਨ। ਇਹ ਇਕ ਪ੍ਰਕਾਰ ਦੇ ਗੁਰਬਾਣੀ ਦੇ ਨਿੰਦਕ ਹੀ ਬਣਦੇ ਹਨ। ਸਾਨੂੰ ਤ੍ਰਾਸ ਭਰਿਆ ਖ਼ਤਰਾ ਹੈ ਮਤੇ ਉਹਨਾਂ ਦਾ ਹਾਲ ਗੁਰ-ਨਿੰਦਕਾਂ ਵਰਗਾ ਹੀ ਅਗੇ ਜਾ ਕੇ ਨਾ ਹੋਵੇ, ਜੋ ਉਪਰਲੇ ਗੁਰ-ਪ੍ਰਮਾਣ ਵਿਚ ਵਰਨਣ ਕੀਤਾ ਹੋਇਆ ਹੈ। ਕਿਉਂਕਿ ਗੁਰਬਾਣੀ ਭੀ ਗੁਰੂ ਸਦਰਸ਼ ਹੀ ਹੈ, ਗੁਰਬਾਣੀ ਤੋਂ ਮੂੰਹ ਫੇਰਨ-ਹਾਰਿਆਂ ਨੂੰ ਗੁਰ-ਬੇਮੁਖਤਾਈ ਦੀ ਪਦਵੀ ਹੀ ਮਿਲਣੀ ਹੈ। ਗੁਰ-ਬੇਮੁਖਾਂ ਅਤੇ ਗੁਰ-ਨਿੰਦਕਾਂ ਵਿਚ ਫ਼ਰਕ ਕੋਈ ਨਹੀਂ । ਗੁਰੂ ਕਰਤਾਰ ਅਜਿਹੇ ਮਨਮੁਖਾਂ ਨੂੰ ਸੁਮਤਿ ਬਖ਼ਸ਼ਣ ਕਿ ਅਜਿਹੀ ਬੇਮੁਖਤਾ ਤੋਂ ਅਜੇ ਭੀ ਬਾਜ਼ ਆ ਜਾਵਣ ਅਤੇ ਸਤਿਗੁਰੂ ਦੀ ਬਾਣੀ ਸਤਿ ਸਤਿ ਕਰਿ ਮੰਨਣ ਦੀ ਪਟੜੀ ਤੇ ਪੈ ਜਾਣ, ਗੁਰਬਾਣੀ ਦੇ ਭਾਵਾਂ ਉਤੇ ਕੁਤਰਕਾਂ ਭਰੀ ਕਿੰਤੂ ਕਰਨੋਂ ਹਟ ਜਾਣ।

ਹਰਿ ਰਾਮ ਨਾਮੁ ਜਪਿ ਲਾਹਾ ॥ ਗਤਿ ਪਾਵਹਿ ਸੁਖ ਸਹਜ ਅਨੰਦਾ ਕਾਟੇ ਜਮ ਕੇ ਫਾਹਾ ॥ [ਦੇਵ ਗੰਧਾਰੀ ਮਹਲਾ ੫, ਪੰਨਾ ੫੩੦

ਜਿਨ੍ਹਾਂ ਗੁਰ-ਆਗਿਆਕਾਰੀ ਸ਼ਰਧਾਵਾਨ ਗੁਰਸਿਖਾਂ



www.AKJ.Org

ਨੇ ਸਤਿਗੁਰੂ ਦੇ ਹੁਕਮਾਂ ਤੇ ਚਲਦੇ ਹੋਏ ਸਾਰੀ ਆਯੂ ਭਰ, ਗੁਰਮਤਿ ਨਾਮ ਜਪਣ ਦਾ ਸੱਚਾ ਲਾਹਾ ਲਿਆ ਹੈ, ਉਹਨਾਂ ਨੂੰ ਸਚੀ ਗਤਿ ਪਤਿ ਪ੍ਰਾਪਤ ਹੋਈ ਹੈ ਅਤੇ ਅਗੇ ਜਾ ਕੇ ਉਹ ਸਚੇ ਸੁਖ ਸਹਿਜ ਅਨੰਦ ਵਿਚ ਸਮਾਏ ਜਾਂਦੇ ਹਨ ਅਤੇ ਉਹਨਾਂ ਦੇ ਸੁਤੇ ਸਿਧ ਹੀ ਜਮ ਦੇ ਫਾਹੇ ਕਟੇ ਗਏ ਹਨ। ਉਹ ਜਮ-ਮਾਰਗ ਭੀ ਨਹੀਂ ਪੈਂਦੇ। ਜਮਾਂ ਦਾ ਕੀ ਮਕਦੂਰ ਹੈ ਕਿ ਉਹਨਾਂ ਦੇ ਨੇੜੇ ਆ ਸਕਣ। ਨੇੜੇ ਢੁਕਣੇ ਹੀ ਨਹੀਂ ਪਾਉਂਦੇ, ਦੂਰੋਂ ਦੇਖ ਹੀ ਭਜ ਜਾਂਦੇ ਹਨ। ਇਹੀ ਭਾਵ ਇਸ ਅਗਲੇ ਗੁਰਵਾਕ ਵਿਚ ਵਰਨਣ ਹੈ—

ਜਨ ਨਾਨਕ ਨਾਮੁ ਧਿਆਇਆ ਮੇਰੀ
ਜਿੰਦੁੜੀਏ ਜਮ ਕੰਕਰੁ ਨੇੜਿ ਨ ਆਵੈ ਰਾਮ ॥

[ਬਿਹਾਗੜਾ ਮ: ੪, ਪੰਨਾ ੫੪੦

ਨਾਮ ਧਿਆਵਣ-ਹਾਰਿਆਂ ਦੇ ਜਮ ਕੰਕਰ ਨੇੜੇ ਨਹੀਂ ਆਉਂਦਾ, ਦੂਰੋਂ ਹੀ ਭਜ ਜਾਂਦਾ ਹੈ, ਡਰਦਾ ਮਾਰਿਆ ਥਰ ਥਰ ਕੰਬਦਾ ਹੈ।

ਇਹ ਵਾਹਿਗੁਰੂ ਦੇ ਨਿਆਉਂ ਦੀ ਧੁਰ-ਧੁਰੰਧਰੀ ਤਤ ਮਰਯਾਦਾ ਚਲੀ ਆਉਂਦੀ ਹੈ ਕਿ ਵਾਹਿਗੁਰੂ ਦੇ ਭਗਤ ਸਦਾ ਬਖ਼ਸ਼ੇ ਗਏ ਅਤੇ ਜਮ ਤੋਂ ਉਬਾਰੇ ਗਏ। ਐਸੇ ਬਖ਼ਸ਼ੇ ਹੋਏ ਭਗਤ ਜਨ ਜੁਗਹ ਜੁਗੰਤਰ ਤੋਂ ਵਾਹਿਗੁਰੂ ਦੇ ਦਰ ਉਤੇ ਹੁਣ ਤਾਈਂ ਕੀਰਤਨ ਭਗਤੀ ਕਰਦੇ ਹਨ ਅਤੇ ਇਕ ਸਚੇ ਵਾਹਿਗੁਰੂ ਦਾ ਹੀ ਜਾਪ ਜਪਦੇ ਹਨ। ਯਥਾ ਗੁਰਵਾਕ—

ਜੁਗਹ ਜੁਗੰਤਰਿ ਭਗਤ ਤੁਮਾਰੇ ॥ ਕੀਰਤਿ
ਕਰਹਿ ਸੁਆਮੀ ਤੇਰੇ ਦੁਆਰੇ ॥ ਜਪਹਿ ਤ
ਸਾਚਾ ਏਕੁ ਮੁਰਾਰੇ ॥..... ਗੁਰ ਪਰਸਾਦੀ
ਕਰਹੁ ਕਿਰਪਾ ਲੇਹੁ ਜਮਹੁ ਉਬਾਰੇ ॥ ਜੁਗਹ
ਜੁਗੰਤਰਿ ਭਗਤ ਤੁਮਾਰੇ ॥

[ਵਡਹੰਸ ਮਹਲਾ ੧, ਪੰਨਾ ੫੬੭

ਸ੍ਰੀ ਗੁਰੂ ਸਾਹਿਬ ਪ੍ਰਾਰਥਨਾ ਕਰਦੇ ਹਨ, ਅਸਾਂ ਕਲਜੁਗੀ ਜੀਵਾਂ ਨੂੰ ਭੀ ਜਮਾਂ ਦੀ ਮਾਰ ਤੋਂ ਉਭਾਰ ਲਵੋ ਅਤੇ ਆਪਣੇ ਭਗਤਾਂ ਵਿਚ ਸ਼ੁਮਾਰ ਕਰਦੇ ਹੋਏ ਕੀਰਤਨੀਏ ਬਣਾ ਲਵੋ। ਇਸ ਬਖ਼ਸ਼ਸ਼ ਦੇ ਪਾਤਰ ਹੋਣ ਦਾ ਨੁਸਖ਼ਾ ਇਸ ਅਗਲੇ ਗੁਰਵਾਕ ਵਿਚ ਦਸਦੇ ਹਨ—

ਖਿਨੁ ਨਾਹਿ ਟਰੀਐ ਪ੍ਰੀਤਿ ਹਰੀਐ ਸੀਗਾਰ
ਹਭਿ ਰਸ ਅਰਪੀਐ ॥ ਜਹ ਦੂਖੁ ਸੁਣੀਐ ਜਮ
ਪੰਥੁ ਭਣੀਐ ਤਹ ਸਾਧ ਸੰਗਿ ਨ ਡਰਪੀਐ ॥

[ਆਸਾ ਮਹਲਾ ੫ ਛੰਦ, ਪੰਨਾ ੪੫੪

ਅਰਥਾਤ—ਵਾਹਿਗੁਰੂ ਦੇ ਨਾਮ ਨਾਲ ਖਿਨ ਖਿਨ ਪ੍ਰੀਤਿ ਲਾਉਣੋਂ ਹਰਗਿਜ਼ ਨਹੀਂ ਟਲਣਾ ਚਾਹੀਦਾ। ਇਕ ਨਿਮਖ ਮਾਤ੍ਰ ਭੀ ਪ੍ਰੇਮ ਸਹਿਤ ਨਾਮ ਜਪਣ ਤੋਂ ਆਲਸ ਨਹੀਂ ਕਰਨੀ ਚਾਹੀਦੀ ਅਤੇ ਕੂੜੇ ਸੀਗਾਰਾਂ ਨੂੰ ਤਿਆਗ ਕੇ ਨਾਮ ਅਭਿਆਸ ਵਿਟਹੁੰ ਆਪਾ ਵਾਰ ਕੇ ਰਖਣਾ ਚਾਹੀਦਾ ਹੈ। ਐਸੇ ਜਗਿਆਸੂਆਂ ਨੂੰ ਅਗੇ ਜਾ ਕੇ ਜਮਦੂਤਾਂ ਦੇ ਮਾਰਗ ਨਹੀਂ ਪੈਣਾ ਪੈਂਦਾ, ਨਾ ਹੀ ਦੁਖ ਸਹਿਣੇ ਪੈਂਦੇ ਹਨ। ਅਗਲਾ ਗੁਰਵਾਕ ਭੀ ਦਸਦਾ ਹੈ :—

ਨਾਮੁ ਜਪਤ ਗੋਬਿੰਦ ਨਹ ਅਲਸਾਈਐ ॥
ਭੇਟਤ ਸਾਧੂ ਸੰਗ ਜਮਪੁਰਿ ਨਹ ਜਾਈਐ ॥

[ਆਸਾ ਛੰਤ ਮ: ੫, ਪੰਨਾ ੪੫੬

ਭਾਵ—ਵਾਹਿਗੁਰੂ ਨਾਮ ਜਪਦਿਆਂ ਆਲਸ ਨਹੀਂ ਕਰਨੀ ਚਾਹੀਦੀ। ਸਾਵਧਾਨ ਤੇ ਇਕਾਗਰ-ਚਿਤ ਹੋ ਕੇ ਨਾਮ ਅਭਿਆਸ ਵਿਖੇ ਤੱਤਪਰ ਰਹਿਣਾ ਚਾਹੀਦਾ ਹੈ। ਇਸ ਬਿਧਿ ਸਾਵਧਾਨਤਾ ਸਹਿਤ ਸਤ-ਸੰਗਤਿ ਵਿਖੇ ਬੈਠ ਕੇ ਜਿਹੜੇ ਨਾਮ ਜਪਦੇ ਹਨ, ਉਹ ਜਮਪੁਰੀ ਨਹੀਂ ਜਾਂਦੇ। ਇਕ ਪੱਕੀ ਸਨਦ ਹੈ। ਨਹੀਂ ਤਾਂ ਸਭ ਜਮਪੁਰੀ ਨੂੰ ਜਾਣਗੇ ਅਤੇ ਪਛਤਾਉਣਗੇ। ਤਾਂ ਤੇ ਨਾਮ ਜਪਣ ਵਿਚ ਬਿਲਮ ਤਿਲ ਢਿਲ ਨਹੀਂ ਕਰਨੀ ਚਾਹੀਦੀ।

ਗੁਰੂ ਸਚੇ ਪਾਤਸ਼ਾਹ ਕੈਸੇ ਆਦਰ ਪਿਆਰ ਨਾਲ ਅਗਲੇ ਗੁਰਵਾਕ ਅੰਦਰ ਜਮ ਤੋਂ ਬਚਣ ਦੀਆਂ ਸਮਝਾਉਤੀਆਂ ਦਿੰਦੇ ਹਨ। ਯਥਾ ਗੁਰਵਾਕ :—

ਮਨ ਮੇਰਿਆ ਤੂ ਸਦਾ ਸਚੁ ਸਮਾਲਿ ਜੀਉ ॥
ਆਪਣੈ ਘਰਿ ਤੂ ਸੁਖਿ ਵਸਹਿ ਪੋਹਿ ਨ ਸਕੈ
ਜਮ ਕਾਲੁ ਜੀਉ ॥ ਕਾਲੁ ਜਾਲੁ ਜਮੁ ਜੋਹਿ
ਨ ਸਾਕੈ ਸਾਚੈ ਸਬਦਿ ਲਿਵ ਲਾਏ ॥ ਸਦਾ
ਸਚਿ ਰਤਾ ਮਨੁ ਨਿਰਮਲੁ ਆਵਣੁ ਜਾਣੁ



www.AKJ.Org

ਰਹਾਏ ॥ ਦੂਜੈ ਭਾਇ ਭਰਮਿ ਵਿਗੁਤੀ ਮਨਮੁਖਿ ਮੋਹੀ ਜਮਕਾਲਿ ॥ ਕਹੈ ਨਾਨਕੁ ਸੁਣਿ ਮਨ ਮੇਰੇ ਤੂ ਸਦਾ ਸਚੁ ਸਮਾਲਿ......
ਬਿਨੁ ਨਾਵੈ ਕੋ ਛੂਟੈ ਨਾਹੀ ਸਭ ਬਾਧੀ ਜਮਕਾਲਿ ॥ ਨਾਨਕ ਅੰਤਰਿ ਤੇਰੈ ਨਿਧਾਨੁ ਹੈ ਤੂ ਬਾਹਰਿ ਵਸਤੁ ਨ ਭਾਲਿ ॥

[ਵਡਹੰਸ ਛੰਦ ਮ: ੫, ਪੰਨਾ ੫੬੬

ਭਾਵ ਨਾਮ ਰੂਪੀ ਸਚ ਨੂੰ ਸਾਸਿ ਸਾਸਿ ਸਦਾ ਸੰਮਾਲ੍ਹਿਆਂ, ਸਿਮਰਨ ਘਾਲ ਘਾਲਿਆਂ ਐਥੇ (ਇਸ ਲੋਕ ਵਿਖੇ) ਭੀ ਸੁਖ ਅਨੰਦ ਨਾਲ ਰਹੀਦਾ ਹੈ ਅਤੇ ਅਗੇ ਜਾ ਕੇ ਵੀ ਨਿਜ ਘਰ ਨਿਵਾਸ ਦਾ ਸੁਖ ਮਾਣੀਦਾ ਹੈ। ਸਦਾ ਆਤਮ ਸੁਖ, ਗੁਰਪੁਰੀ ਦਾ ਅਨੰਦ ਅਨੰਦਾਣੀਦਾ ਹੈ। ਅਤੇ ਜਮ ਰੂਪੀ ਕਾਲ ਦੀ ਪੋਹ-ਸਕਣੀ ਲਾਗ ਭੀ ਨਹੀਂ ਲਗਦੀ। ਨਾ ਹੀ ਕਾਲ ਰੂਪੀ ਦੁਖ ਜਾਲ ਅਤੇ ਨਾ ਹੀ ਜਮ ਜੰਦਾਰ ਜੋਹ ਸਕਦਾ ਹੈ, ਜੇਕਰ ਸਾਚੇ ਸ਼ਬਦ ਦੀ ਰਸ ਜੋਤਿ ਬਿਲਖਣੀ ਸੁਰਤਿ ਵਿਚ ਲਿਵ ਲਗੀ ਹੋਈ ਹੋਵੇ। ਐਸੀ ਲਿਵਲੀਨਤਾ ਅੰਦਰ ਰਤੜਾ, ਜੋਤਿ ਰਸੱਤੜਾ, ਸੁਰਤਿ ਵਿਗੱਸਤੜਾ, ਜੀਵ-ਆਤਮਾ ਨਾ ਹੀ ਆਵਾ-ਗਉਣ ਦੇ ਗੇੜ ਵਿਚ ਪੈਂਦਾ ਹੈ, ਨਾ ਹੀ ਜਮਕਾਲ ਦੀ ਜਫੇੜ ਵਿਚ ਆਉਂਦਾ ਹੈ। ਇਸ ਬਿਵਸਥਾ ਤੋਂ ਊਣੇ ਝੂਣੇ, ਸ਼ਬਦ ਦੀ ਦਾਤ ਤੋਂ ਛੁਟੜ ਵਿਗੁਤੜ, ਸਾਰੀ ਲੁਕਾਈ ਦੂਜੇ ਭਾਇ ਵਿਚ ਗ੍ਰਸੀ ਹੋਈ ਸਭ, ਜਮ ਰੂਪੀ ਕਾਲ ਦੇ ਚੀਰੇ ਵਿਚ ਹੈ। ਇਸ ਕਰਕੇ, ਗੁਰੂ ਨਾਨਕ ਸਾਹਿਬ, ਗੁਰੂ ਘਰ ਦੇ ਨਾਮ-ਲੇਵਾ ਸਿਖਾਂ ਨੂੰ ਲਾਜ਼ਮੀ ਤੌਰ ਤੇ ਸਚ ਵਖਰ ਨਾਮ ਰਤਨ ਦੇ ਵਣਜਾਰੇ ਹੀ ਬਣੇ ਰਹਿਣਾ ਲੋੜਦੇ ਹਨ। ਇਸ ਲਈ ਸੁਆਸਿ ਸੁਆਸਿ ਨਾਮ ਸਮਾਲ੍ਹਣਾ ਚਾਹੀਦਾ ਹੈ, ਕਿਉਂਕਿ ਬਿਨਾਂ ਨਾਮ ਦੇ ਕਿਸੇ ਦਾ ਭੀ ਛੁਟਕਾਰਾ ਨਹੀਂ। ਸਾਰੀ ਦੁਨੀਆ ਜਮ ਰੂਪੀ ਕਾਲ ਦੀ ਹੀ ਬੱਧੀ ਹੋਈ ਹੈ। ਤਾਂ ਤੇ ਨਾਮ ਵਖਰ ਨੂੰ ਵਿਹਾਜਣ ਵਿਚ ਤੱਤਪਰ ਹੋ ਕੇ ਜੁਟ ਜਾਣਾ ਹੀ ਗੁਰਸਿਖਾਂ ਦਾ ਆਹਰ ਅਹਾਰੀ ਸਰਬੋਤਮ ਕੰਮ ਹੈ। ਇਹ ਵਸਤ ਗੁਰਸਿਖ ਨੇ ਕੋਈ ਬਾਹਰੋਂ ਨਹੀਂ ਲੈਣ ਜਾਣੀ, ਘਟ ਅੰਦਰ ਖ਼ਜ਼ਾਨੇ ਭਰਪੂਰ ਹਨ। ਸ੍ਰੀ ਗੁਰੂ ਨਾਨਕ ਸਾਹਿਬ, ਸ੍ਰੀ ਗੁਰੂ ਦਸਮੇ ਪਾਤਸ਼ਾਹ ਦੇ ਸਾਖ਼ਸਾਤ ਸਰੂਪ ਨੇ ਪੰਜਾਂ ਪਿਆਰਿਆਂ ਨੂੰ ਸੌਂਪਾਏ ਹਨ।

ਹਰਿ ਹਰਿ ਨਾਮੁ ਜਿਨੀ ਆਰਾਧਿਆ ਤਿਨ ਕੇ ਦੁਖ ਪਾਪ ਨਿਵਾਰੇ ॥ ਸਤਿਗੁਰਿ ਗਿਆਨ ਖੜਗੁ ਹਥਿ ਦੀਨਾ ਜਮ ਕੰਕਰ ਮਾਰਿ ਬਿਦਾਰੇ ॥ [ਵਡਹੰਸ ਮ: ੪, ਪੰਨਾ ੫੭੪

ਭਾਵ:—ਜਿਨ੍ਹਾਂ ਜਨਾਂ ਨੇ ਸਦਾ ਗੁਰਮਤਿ ਨਾਮ ਦਾ ਅਰਾਧਨ ਕੀਤਾ ਹੈ ਤਿਨ ਕੇ ਦੁਖ ਪਾਪ ਸਭਿ ਨਿਵਾਰੇ ਗਏ ਹਨ। ਸਤਿਗੁਰੂ ਨੇ ਤਿਨ੍ਹਾਂ ਨੂੰ ਐਸਾ ਨਾਮ ਰੂਪੀ ਗਿਆਨ ਖੰਡਾ (ਖੜਕ) ਬਖਸ਼ਿਆ ਹੈ ਜਿਸ ਨੂੰ ਖੜਕਾ ਕੇ ਨਾਮ-ਮਈ ਗਿਆਨ-ਖੜਗ਼ੋਸ਼ੀਆਂ ਨੇ ਉਨ੍ਹਾਂ ਨੂੰ ਮਾਰ ਕੇ ਬਿਦਾਰ ਦਿਤਾ। ਨਾਮ ਦਾ ਖੰਡਾ ਸਾਸਿ ਗਿਰਾਸੀ ਖੜਕਾਉਣ ਵਾਲਿਆਂ ਦੇ ਦੁਖ ਪਾਪ ਸਭ ਕਟੇ ਗਏ ਅਤੇ ਜਮਕੰਕਰਾਂ ਦਾ ਫਾਹਾ ਹੀ ਵਢਿਆ ਗਿਆ, ਜਿਨ੍ਹਾਂ ਨੇ ਕਿ ਅਗਾਹਾਂ ਜਾ ਕੇ ਖੁਆਰ ਕਰਨਾ ਸੀ। ਜੈਸਾ ਕਿ ਆਨ ਮਤ ਕਰਮਚਾਰੀਆਂ ਸੰਸਾਰੀਆਂ ਨੂੰ ਆਮ ਤੌਰ ਤੇ ਖੁਆਰ ਕਰਦੇ ਹਨ ਇਹ ਜਮ ਦੇ ਦੂਤ।

ਨਿਰਭਉ ਭਏ ਖਸਮ ਰੰਗਿ ਰਾਤੇ ਜਮ ਕੀ ਤ੍ਰਾਸ ਬੁਝਾਏ ॥ ਨਾਨਕ ਦਾਸੁ ਸਦਾ ਸੰਗਿ ਸੇਵਕੁ ਤੇਰੀ ਭਗਤਿ ਕਰੰਉ ਲਿਵ ਲਾਏ ॥

[ਵਡਹੰਸੁ ਮ: ੫, ਪੰਨਾ ੫੭੭

ਜਿਨ੍ਹਾਂ ਵਾਹਿਗੁਰੂ ਦੇ ਸਿਮਰਨਹਾਰੇ ਸੇਵਕਾਂ ਭਗਤਾਂ ਨੇ ਵਾਹਿਗੁਰੂ ਨਾਮ ਦੇ ਨਾਲ ਲਿਵ ਲਾ ਕੇ, ਵਾਹਿਗੁਰੂ ਦੀ ਸੇਵਾ ਸਿਮਰਨ ਭਗਤੀ ਕੀਤੀ ਹੈ ਤੇ ਖਸਮ ਦੇ ਰੰਗਾਂ ਵਿਚ ਰਤੇ ਗਏ ਅਤੇ ਨਿਰਭਉ ਪਦ ਨੂੰ ਪ੍ਰਾਪਤਿ ਹੋ ਗਏ, ਤਿਨ੍ਹਾਂ ਐਸੇ ਅਨਿਕ ਭਗਤਾਂ ਦੀ ਜਮ ਦੀ ਤ੍ਰਾਸ ਸਭ ਮਿਟ ਗਈ ਹੈ। ਗੁਰੂ ਨਾਨਕ ਸਾਹਿਬ ਸੱਚ ਫ਼ੁਰਮਾਉਣੀ ਫ਼ੁਰਮਾਉਂਦੇ ਹਨ ਕਿ ਐਸੇ ਸੇਵਕਾਂ ਭਗਤਾਂ ਦੇ ਵਾਹਿਗੁਰੂ ਸਦਾ ਅੰਗ ਸੰਗ ਵਰਤਦਾ ਹੈ। ਤਤੀ ਵਾਉ ਨਹੀਂ ਲਗਣ ਦਿੰਦਾ, ਜਮਾਂ ਦੇ ਖ਼ਤਰੇ ਤੋਂ ਬਚਾ ਲੈਂਦਾ ਹੈ।



www.AKJ.Org

ਮਨ ਇਛ ਪਾਈਐ ਪ੍ਰਭੁ ਧਿਆਈਐ ਮਿਟਹਿ ਜਮ ਕੇ ਤ੍ਰਾਸਾ ॥ ਗੋਬਿੰਦੁ ਗਾਇਆ ਸਾਧ ਸੰਗਾਇਆ ਭਈ ਪੂਰਨ ਆਸਾ ॥

[ਵਡਹੰਸ ਮਹਲਾ ੫, ਪੰਨਾ ੫੭੮

ਜਿਨ੍ਹਾਂ ਗੁਰਸਿਖਾਂ ਨੇ ਗੁਰੂ ਘਰ ਦੀ ਸਚੀ ਸਤਿ-ਸੰਗਤਿ ਵਿਚ ਰਲ ਕੇ ਗੋਬਿੰਦ ਗੁਣ ਗਾਏ ਹਨ ਅਤੇ ਵਾਹਿਗੁਰੂ ਨਾਮ ਨੂੰ ਧਿਆਇਆ ਹੈ ਤਿਨ੍ਹਾਂ ਨੇ ਮਨ ਇਛਿਅੜਾ ਫਲ ਪਾਇਆ ਹੈ। ਤਿਨ੍ਹਾਂ ਦੀ ਸਗਲੀ ਆਸ ਪੂਰਨ ਹੋਈ ਹੈ ਅਤੇ ਤਿਨ੍ਹਾਂ ਦੀ ਅਗਲੀ ਜਮ ਦੀ ਤ੍ਰਾਸ ਭੀ ਸਗਲੀ ਮਿਟ ਗਈ ਹੈ।

ਸਤਿਗੁਰਿ ਮਿਲਿਐ ਭੁਖ ਗਈ ਭੇਖੀ ਭੁਖ ਨ ਜਾਇ ॥ ਦੁਖਿ ਲਗੈ ਘਰਿ ਘਰਿ ਫਿਰੈ ਅਗੈ ਦੂਣੀ ਮਿਲੈ ਸਜਾਇ ॥......ਪਾਖੰਡਿ ਜਮਕਾਲ ਨ ਛੋਡਈ ਲੈ ਜਾਸੀ ਪਤਿ ਗਵਾਇ ॥ ਨਾਨਕ ਨਾਮਿ ਰਤੇ ਸੇ ਉਬਰੇ ਸਚੇ ਸਿਉ ਲਿਵ ਲਾਇ ॥ [ਵਡਹੰਸ ਕੀ ਵਾਰ, ੫੮੭

ਭਾਵ:—ਸੰਸਾਰਕ ਪਦਾਰਥਾਂ ਅਤੇ ਮਾਇਆ ਦੀ ਭੁਖ ਤ੍ਰਿਸ਼ਨਾ ਤਿਨ੍ਹਾਂ ਦੀ ਹੀ ਦੂਰ ਹੁੰਦੀ ਹੈ ਜਿਨ੍ਹਾਂ ਨੂੰ ਵਡੇ ਭਾਗਾਂ ਦੇ ਅੰਕੂਰ ਉਦੇ ਹੋਣ ਕਰਿ, ਸਚੇ ਸਤਿਗੁਰੂ ਦੀ ਪ੍ਰਾਪਤੀ ਹੋਈ ਹੈ। ਇਹ ਸਚੀ ਪ੍ਰਾਪਤੀ ਗੁਰੂ ਘਰ (ਗੁਰੂ ਨਾਨਕ ਦੇ ਘਰ) ਵਿਖੇ ਹੀ ਆਣ ਕੇ ਹੁੰਦੀ ਹੈ। ਜਿਨ੍ਹਾਂ ਨੂੰ ਸਚੇ ਸਤਿਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ ਯਾ ਨਹੀਂ ਹੋਈ, ਤਿਨ੍ਹਾਂ ਆਨਮਤ ਭੇਖਾਂ ਦੇ ਭੇਖ-ਧਾਰੀਆਂ ਦੀ, ਨਾਨਾ ਪ੍ਰਕਾਰ ਦੇ ਭੇਖ-ਧਾਰੀਆਂ ਦੀ ਭੁਖ ਨਹੀਂ ਜਾਂਦੀ, ਤ੍ਰਿਸ਼ਨਾ ਨਹੀਂ ਮਿਟਦੀ। ਭੁਖ ਦਾ ਦੁਖ ਲਗਣ ਕਰਕੇ ਉਹ ਬੂਹੇ ਬੂਹੇ ਮੰਗਦਾ ਫਿਰਦਾ ਹੈ, ਹਰ ਇਕ ਭੇਖਧਾਰੀ ਅਨਮਤੀ ਭੇਖ ਵਾਲਾ। ਘਰ ਘਰ ਭੀਖ ਮੰਗਿਆਂ ਸਗੋਂ ਅਗੇ ਹੋਰ ਦੂਣੀ ਸਜ਼ਾ ਮਿਲਦੀ ਹੈ। ਜੈਸਾ ਕਿ—

ਜੋਗੀ ਹੋਵਾ ਜਗ ਭਵਾ ਘਰਿ ਘਰਿ ਭੀਖਿਆ ਲੇਉ ॥ ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰ ਦੇਉ ॥

[ਮਾਰੂ ਵਾਰ ਮ: ੩, ਪੰਨਾ ੧੦੮੯

ਗੁਰਵਾਕ ਦਾ ਭਾਵ ਭੀ ਹੈ ਕਿ ਘਰ ਘਰ ਭੀਖ ਮੰਗਣ ਵਾਲਿਆਂ ਨੂੰ ਦਰਗਾਹ ਜਾ ਕੇ ਲੇਖਾ ਦੇਣਾ ਪੈਂਦਾ ਹੈ। ਐਸੇ ਭੇਖਧਾਰੀ ਸਭਿ ਪਾਖੰਡੀ ਹਨ। ਅਤੇ ਪਾਖੰਡੀਆਂ ਨੂੰ ਤਾਂ ਜਮਕਾਲ ਧਰ ਕੇ ਲੈਂਦਾ ਹੈ, ਕਦੇ ਛਡਦਾ ਹੀ ਨਹੀਂ। ਬੜੀ ਬੇਇਜ਼ਤੀ ਕਰ ਕੇ, ਫੜ ਕੇ, ਧੂਹ ਕੇ ਅਗਾਹਾਂ ਜਮਪੁਰੀ ਵਿਖੇ ਲੈ ਜਾਂਦਾ ਹੈ। ਪਾਖੰਡੀ ਤਾਂ ਕਦੇ ਭੀ ਜਮ ਦੀ ਮਾਰ ਤੋਂ ਬਚ ਹੀ ਨਹੀਂ ਸਕਦੇ। ਜਿਤਨੇ ਭੀ ਪਾਖੰਡੀ ਭੇਖਧਾਰੀ ਹਨ, ਸੋ ਸਭੇ ਹੀ ਜਮਪੁਰੀ ਵਿਚ ਬੜੀ ਦੁਰਗਤੀ ਨਾਲ ਘੜੀਸ ਕੇ ਲੈ ਜਾਏ ਜਾਣਗੇ। ਪਾਖੰਡੀ ਭੇਖੀ ਕੋਈ ਭੀ ਇਸ ਜਮ ਜੰਦਾਰਿ ਦੁਰਗਤਿ ਤੋਂ ਬਚ ਨਹੀਂ ਸਕਦਾ। ਸੋਈ ਬਚਣਗੇ ਜਿਨ੍ਹਾਂ ਨੇ ਗੁਰੂ ਘਰ ਪ੍ਰਾਪਤ ਕਰ ਕੇ ਸਚੇ ਸਤਿਗੁਰੂ ਦੁਆਰਿਓਂ, ਸਚੀ ਗੁਰਮਤਿ ਬਿਧੀ ਅਨੁਸਾਰ ਗੁਰੂ-ਦੀਖਿਆ (ਗੁਰਮੰਤਰ) ਲੈ ਕੇ, ਨਾਮ ਦੀ ਐਸੀ ਅਗਾਧ ਕਮਾਈ ਕੀਤੀ ਹੋਵੇ ਕਿ ਨਾਮ ਜਪਦਿਆਂ ਨਾਮ ਵਿਚ ਹੀ ਰਤੇ ਗਏ ਹੋਣ ਅਤੇ ਸਚੇ ਵਾਹਿਗੁਰੂ ਦੇ ਨਾਲ ਹੀ ਜਿਨ੍ਹਾਂ ਦੀ ਲਿਵਤਾਰ ਜੁੜ ਗਈ ਹੋਵੇ। ਓਹੀ, ਬਸ, ਓਹੀ ਜਮ ਦੀ ਫੇਟ ਤੋਂ ਬਚ ਸਕਦੇ ਹਨ, ਹੋਰ ਕੋਈ ਨਹੀਂ ਬਚ ਸਕਦਾ। ਹੋਰ ਭੀ ਅਨੇਕ ਪਰਕਾਰ ਦੇ ਪਖੰਡ ਕਰਨਹਾਰਿਆਂ ਨੂੰ ਅਗੇ ਜਾ ਕੇ ਜਮ ਧਰ ਲੈਂਦਾ ਹੈ। ਜਿਨ੍ਹਾਂ ਦਾ ਮਨ ਹੋਰ ਅਤੇ ਮੁਖ ਹੋਰ ਹੈ, ਉਪਰੋਂ ਚੋਖੜੇ ਚਾਪੜੇ ਭੇਖਧਾਰੀ ਹਨ, ਚੁਪ ਕੀਤੇ ਬਗਲੇ ਭਗਤ ਹਨ, ਅੰਦਰੋਂ ਖੋਟੇ ਕੂੜਿਆਰ ਹਨ, ਪਾਖੰਡਿ-ਧਰਮੀ ਬਣ ਕੇ ਲੋਕਾਂ ਨੂੰ ਪਤੀਆਉਂਦੇ ਹਨ, ਅੰਤਰਿ ਆਤਮੇ ਉਹਨਾਂ ਦੇ ਕੱਖ ਭੀ ਨਹੀਂ ਹੁੰਦਾ, ਆਤਮ-ਕਣੀਓਂ ਉਕੇ ਹੀ ਊਰੇ ਅਤੇ ਸਖਣੇ ਹੁੰਦੇ ਹਨ, ਆਪਣੇ ਆਪ ਨੂੰ ਮਹਾਤਮਾ ਬਣ ਕੇ ਦਿਖਾਉਂਦੇ ਹਨ, ਮੁਗਧ, ਮੂਰੇ, ਮਤ ਮਾਰੀ ਵਾਲੇ ਨਰਾਂ ਨੂੰ ਪਤੀਆਉਂਦੇ ਹਨ, ਤਿਨ੍ਹਾਂ ਦਾ ਤਾਂ ਜਮਪੁਰੀ ਵਿਚ ਜਾ ਕੇ ਅਤਿ ਦਰਜੇ ਦਾ ਮੰਦਾ ਹਾਲ ਹੋਵੇਗਾ। ਕਲਜੁਗ ਦੇ ਮਾਇਆਧਾਰੀ ਸੰਸਾਰੀ ਜੀਵ ਗੱਲ ਗੱਲ ਵਿਚ ਪਾਖੰਡ ਵਰਤਦੇ ਹਨ। ਕਈ ਸਿਖਸਦਾਉਣ ਵਾਲੇ ਭੀ ਆਪਣੇ ਆਪ ਨੂੰ ਚੰਗਾ ਜਣਾਉਣ ਵਾਸਤੇ ਪ੍ਰਸਪਰੀ ਵਰਤੋਂ ਵਿਉਪਾਰ ਵਿਚ ਪਾਖੰਡ ਕਮਾਉਂਦੇ ਹਨ। ਅੰਦਰੋਂ ਬਾਹਰੋਂ ਇਕ ਨਾ



www.AKJ.Org

ਹੋਣ ਕਰਿ, ਆਪਣਾ ਜੀਵਨ ਨਿਰਾ ਪਾਖੰਡੀਆਂ ਵਾਲਾ ਹੀ ਬਣਾ ਲੈਂਦੇ ਹਨ । ਤਿਨ੍ਹਾਂ ਪਾਖੰਡੀਆਂ ਨੂੰ ਭੀ ਕਿਤੇ ਠਉਰ ਠਾਉਂ ਨਹੀਂ । ਤਿਨ੍ਹਾਂ ਦਾ ਭੀ ਅਗੇ ਜਾ ਕੇ ਭੇਖੀਆਂ ਦੀ ਦੁਰਗਤੀ ਵਾਲਾ ਹੀ ਹਾਲ ਹੋਵੇਗਾ। ਤਾਂ ਤੇ **ਪਾਖੰਡ ਤੋਂ ਨਿਮਖ ਨਿਮਖ ਬਚਣਾ, ਹਰ ਇਕ ਸਚਿਆਰ ਗੁਰਸਿਖ ਦਾ ਮੁਖ ਧਰਮ-(ਫ਼ਰਜ਼) ਹੈ । ਮਤ ਕੋਈ ਜਾਣੇ ਕਿ ਗੁਰਸਿਖੀ ਦਾ ਭੇਖ ਜਮਾਂ ਤੋਂ ਤਿਨ੍ਹਾਂ ਨੂੰ ਬਚਾ ਲਵੇਗਾ।** "ਧੋਹੁ ਨ ਚਲੀ ਖਸਮ ਨਾਲਿ" ਵਾਲਾ ਗੁਰਵਾਕ ਪਹਿਲਾਂ ਧਰਨ ਟਿਕਾਣੇ ਕਰ ਚੁਕਾ ਹੈ । ਪਰ ਸਤਿਗੁਰੂ ਦੀ ਸੁਮਤਿ ਮਤਿ ਵਾਲੇ ਗੁਰੂ ਦੇ ਸਿਖ ਕਾਹਨੂੰ ਇਹਨਾਂ ਕੁਮਤਿ ਕਿਰਿਆਵੀ ਪਾਖੰਡ-ਖ਼ਿਆਲੀਆਂ ਵਿਚ ਪੈਂਦੇ ਹਨ । ਇਹ ਤਾਂ ਗੁਰੂ ਤੋਂ, ਗੁਰੂ ਘਰ ਤੋਂ ਧਕੇ ਹੋਏ ਡਿੰਭਧਾਰੀ ਮੰਦਭਾਗੀ ਨਰ ਹੀ ਹਨ, ਜੋ ਇਸ ਖਲਜਗਣ ਵਿਚ ਪੈਂਦੇ ਹਨ । ਦੇਖੋ ਅਗਲਾ ਗੁਰ ਪ੍ਰਮਾਣ ਇਸ ਪਿਛਲੇ ਕਥਨ ਦੀ ਕੈਸੀ ਪੁਸ਼ਟੀ ਕਰਦਾ ਹੈ । ਯਥਾ :—

ਕਲਿ ਮਹਿ ਜਮੁ ਜੰਦਾਰੁ ਹੈ ਹੁਕਮੇ ਕਾਰ ਕਮਾਇ ॥ ਗੁਰਿ ਰਾਖੇ ਸੇ ਉਬਰੇ ਮਨਮੁਖਾ ਦੇਇ ਸਜਾਇ ॥ ਜਮ ਕਾਲੈ ਵਸਿ ਜਗੁ ਬਾਂਧਿਆ ਤਿਸ ਦਾ ਫਰੂ ਨ ਕੋਇ ॥ ਜਿਨਿ ਜਮੁ ਕੀਤਾ ਸੋ ਸੇਵੀਐ ਗੁਰਮੁਖਿ ਦੂਖੁ ਨ ਹੋਇ ॥ ਨਾਨਕ ਗੁਰਮੁਖਿ ਜਮੁ ਸੇਵਾ ਕਰੇ ਜਿਨ ਮਨਿ ਸਚਾ ਹੋਇ ॥ [ਸਲੋਕ ਮ: ੩, ਪੰਨਾ ੫੮੯

ਵਿਆਖਿਆ—ਕਲਜੁਗ ਵਿਖੇ ਜਮ ਬੜਾ ਡਾਢਾ ਹੈ ਤੇ ਬੜਾ ਅਵੈੜਾ ਹੈ । ਜਮ ਹੈ ਤਾਂ ਸਾਰਿਆਂ ਜੁਗਾਂ ਵਿਖੇ ਹੀ । ਇਸ ਜਮ ਦੀ ਹੋਂਦ ਤਾਂ ਧੁਰੋਂ ਹੀ ਚਲੀ ਆਈ ਹੈ । ਕਰਨਹਾਰ ਕਰਤਾਰ ਦਾ ਕੀਤਾ ਹੋਇਆ ਹੀ ਸ੍ਰਿਸ਼ਟੀ ਦੀ ਰਚਨਾ ਦੇ ਨਾਲ ਹੀ ਰਚਿਆ ਹੋਇਆ ਜਮਾਂ ਦਾ ਵਜੂਦ ਹੈ । ਪਰ ਕਲਜੁਗ ਵਿਖੇ ਤਾਂ ਇਹ ਜਮ ਬਹੁਤਾ ਹੀ ਭੂਸਰ ਜਾਂਦਾ ਹੈ, ਜਾਣੋ ਜਿੰਨ ਹੋ ਕੇ ਚਿਮੜਦਾ ਹੈ । ਪਰ ਉਹਨਾਂ ਨੂੰ ਚਿਮੜਦਾ ਹੈ ਜਿਹੜੇ ਏਥੇ ਕਰਤਾਰ ਦੇ ਹੁਕਮ ਦੇ ਅਨਸਾਰੀ ਹੋ ਕੇ ਹੁਕਮੀ ਕਾਰ ਨਹੀਂ ਕਮਾਉਂਦੇ । ਇਹ ਜਮੂਆ ਭੀ ਕਰਤਾਰ ਦੇ ਹੁਕਮ ਅਨੁਸਾਰ ਹੀ ਕਾਰ ਕਮਾਉਂਦਾ ਹੈ । ਜਿਹੜੇ ਕਰਤਾਰ ਦੇ ਹੁਕਮ ਤੋਂ ਮਨਮੁਖ ਅਤੇ ਮੁਨਕਰ ਆਕੀ ਹੋ ਕੇ, ਹੁਕਮੋਂ ਉਲਟੀ ਕਰਨੀ ਕਰਤੂਤ ਕਰਦੇ ਹਨ, ਤਿਨ੍ਹਾਂ ਮਨਮੁਖਾਂ ਨੂੰ ਕਰਤਾਰ ਦੇ ਹੁਕਮ ਅਨੁਸਾਰ ਇਹ ਜਮੂਆ ਤਕੜੀ ਸਜ਼ਾ ਦਿੰਦਾ ਹੈ । ਜਿਹੜੇ ਸਤਿਗੁਰੂ ਦੇ ਪੰਨੇ ਪੈ ਕੇ ਗੁਰੂ ਦੇ ਸਨਮੁਖ ਸੁਜਾਨ ਸਿਖ ਸਜ ਜਾਂਦੇ ਹਨ, ਕਰਤਾਰ ਦੇ ਹੁਕਮ ਅਨੁਸਾਰ ਉਹਨਾਂ ਦੀ ਰਖਸ਼ਾ ਹੋ ਜਾਂਦੀ ਹੈ । ਐਸੇ ਗੁਰੂ ਕੀ ਰਖਿਆ ਓਟ ਅੰਦਰ ਆਏ ਗੁਰਮੁਖ ਸਿਖ, ਕਰਤਾਰ ਦੇ ਹੁਕਮ ਅਨੁਸਾਰ ਜਮ ਤੋਂ ਉਭਰ ਕੇ ਬਚ ਰਹਿੰਦੇ ਹਨ । ਗੁਰੂ ਕਰਤਾਰ ਦਾ ਹੁਕਮ ਹੀ ਐਸਾ ਹੈ ਕਿ ਜਮ ਜੰਦਾਰ ਉਹਨਾਂ ਗੁਰਮੁਖਾਂ, ਗੁਰੂ ਦੇ ਰਖਿਆਂ ਹੋਇਆਂ ਨੂੰ ਸਜ਼ਾ ਨਹੀਂ ਦੇ ਸਕਦਾ । ਨਹੀਂ ਤਾਂ ਸਾਰਾ ਸੰਸਾਰ, ਜੋ ਗੁਰੂ ਤੋਂ ਬੇਮੁਖ ਨਿਗੁਰਾ ਹੈ ਉਹ ਜਮ ਰੂਪੀ ਕਾਲ ਦੇ ਵਸਿ ਪਿਆ ਹੋਇਆ ਹੈ ਅਤੇ ਜਮ ਦਾ ਬੰਧੂਆ ਹੈ । ਉਸ ਨੂੰ ਜਮ ਜੰਦਾਰ ਨੇ **ਅਗਲੀ ਦਰਗਾਹ ਵਿਖੇ ਜ਼ਰੂਰ ਜਕੜ ਲੈਣਾ ਹੈ।** ਤਿਸ ਜਮ ਜੰਦਾਰ ਗ੍ਰਸੇ ਸੰਸਾਰ ਦੀ ਮਨਮੁਖ-ਕਿਰਿਆ ਦਾ ਜਮ-ਦਰਗਾਹੋਂ ਬਾਹਰੂ ਕੋਈ ਨਹੀਂ । ਕੋਈ ਭੀ ਜਮਦਰ ਗ੍ਰਸਿਆਂ ਦੀ ਫ਼ੁਰਮਾਇਸ਼ੀ ਸਿਫ਼ਾਰਸ਼ ਨਹੀਂ ਕਰ ਸਕਦਾ । ਗੁਰੂ ਬਾਝੋਂ ਪੰਧ ਪੇਸ਼ ਮੋਕਲੇ ਕਰਾਉਣ-ਹਾਰਾ ਕੋਈ ਫ਼ੁਰਮਾਇਸ਼ੀ ਨਹੀਂ ਓਥੇ। ਵਾਹਿਗੁਰੂ ਕਰਤਾਰ ਦੇ ਸੇਵਕ ਸਿਮਰਨਹਾਰੇ ਗੁਰਮੁਖਾਂ ਨੂੰ ਜਮ ਜੰਦਾਰ ਰਾਈ ਮਾਤ੍ਰ ਭੀ ਦੁਖ ਨਹੀਂ ਦਿੰਦਾ । ਜਿਸ ਗੁਰੂ ਕਰਤਾਰ ਨੇ ਜਮ ਜੰਦਾਰ ਦੀ ਰਚਨਾ ਰਚੀ ਹੈ, ਤਿਸ ਵਾਹਿਗੁਰੂ (ਜਮ ਦੇ ਕਰਨਹਾਰ) ਦੀ, ਜੋ ਗੁਰਮੁਖ ਸੇਵਾ ਸਿਮਰਨ ਭਗਤੀ ਕਰਦੇ ਹਨ, ਤਿਨ੍ਹਾਂ ਨੂੰ ਜਮ ਦਾ ਦੁਖ ਨਹੀਂ ਹੁੰਦਾ । ਜਮ ਤਿਨ੍ਹਾਂ ਦੇ ਨੇੜੇ ਨਹੀਂ ਆਉਂਦਾ । ਤਾਂਤੇ ਤਿਸ ਸਿਰਜਨਹਾਰ ਕਰਤਾਰ ਦੀ ਸੇਵਾ ਭਗਤੀ ਕਰਨਾ ਗੁਰਸਿਖ ਦਾ ਮੁਖ ਆਦਰਸ਼ ਹੈ, ਉਸ ਸਿਰਜਨਹਾਰ ਦੀ, ਜਿਸ ਨੇ ਕਿ ਜਮ ਦੀ ਸ੍ਰਿਸ਼ਟ ਨੂੰ ਸਿਰਜਿਆ ਹੈ । ਸਗੋਂ ਉਹਨਾਂ ਗੁਰਮੁਖਾਂ ਦੀ ਇਹ ਜਮੂਆ ਉਲਟੀ ਸੇਵਾ ਕਰਦਾ ਹੈ, ਜਿਨ੍ਹਾਂ ਗੁਰਮੁਖਾਂ ਦੇ ਹਿਰਦਿਆਂ ਅੰਦਰ ਸਚਾ ਵਾਹਿਗੁਰੂ



www.AKJ.Org

ਹਰਦਮ ਵਸਦਾ ਰਸਦਾ ਹੈ । ਇਸ ਉਪਰਲੇ ਗੁਰਵਾਕ ਤੋਂ ਇਹ ਗੱਲ ਸਪੱਸ਼ਟ ਸਿਧ ਹੋ ਗਈ ਕਿ ਜਮ ਦੀ ਹੋਂਦ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ, ਕਿਉਂਕਿ ਇਹ ਜਮ ਵਾਹਿਗੁਰੂ ਸਿਰਜਣਹਾਰ ਦਾ ਕੀਤਾ ਹੋਇਆ ਹੀ ਹੈ, ਖ਼ੁਦ ਵਾਹਿਗੁਰੂ ਦਾ ਹੀ ਸਾਜਿਆ ਹੋਇਆ ਹੈ।

ਅਗਿਆਨੀ ਅੰਧੁ ਬਹੁ ਕਰਮ ਕਮਾਵੈ ਦੂਜੇ ਭਾਇ ਪਿਆਰੁ ॥ ਅਣਹੋਦਾ ਆਪੁ ਗਣਾਇਦੇ ਜਮੁ ਮਾਰਿ ਕਰੇ ਤਿਨ ਖੁਆਰੁ ॥

[ਵਡਹੰਸ ਕੀ ਵਾਰ ਮ: ੩, ਪੰਨਾ ੫੯੬

ਵਿਆਖਿਆ–ਗੁਰਮਤਿ ਗਿਆਨੁ, ਤਤੁ ਗਿਆਨੁ ਨਾਮ ਤੋਂ ਘੁਥੇ ਹੋਏ ਸਭ ਅਗਿਆਨੀ ਹਨ। ਐਸੇ ਅੰਧ ਅਗਿਆਨੀ ਦੂਜੇ ਭਾਇ ਵਿਚ ਮੁੱਠੇ ਹੋਏ ਬਹੁ ਪ੍ਰਕਾਰ ਦੇ ਆਨਮਤੀ ਕਰਮ ਕਮਾਉਂਦੇ ਹਨ। ਇਹ ਸਾਰੇ ਜੋ ਹਨ ਸੋ ਸਭ ਗੁਣ ਬਿਹੂਣੇ ਹਨ। ਏਹਨਾਂ ਕਰਮਾਂ ਦੇ ਕੀਤਿਆਂ ਕੋਈ ਭੀ ਤੱਤ ਗੁਣ ਫਲ ਪ੍ਰਾਪਤ ਨਹੀਂ ਹੁੰਦਾ। ਸੋ ਐਸੇ ਗੁਣ-ਬਿਹੂਣੇ, ਕਰਮਾਂ ਨੂੰ ਕਰਿ ਕਰਿ ਕੇ ਐਵੇਂ ਬਫਾਉਂਦੇ ਹਨ ਅਤੇ ਆਪਣਾ ਆਪ ਜਣਾਉਂਦੇ ਹਨ। ਐਸੇ ਬਿਨ ਗੁਣ ਗਰਬ ਕਰਨਹਾਰਿਆਂ ਅੰਧ ਅਗਿਆਨੀਆਂ ਨੂੰ ਅਗੇ ਜਾ ਕੇ ਜਮ ਮਾਰ ਮਾਰ ਕੇ ਖੁਆਰ ਕਰਦਾ ਹੈ।

ਜਿਉ ਜੋਗੀ ਜਤ ਬਾਹਰਾ ਤਪੁ ਨਾਹੀ ਸਤੁ ਸੰਤੋਖੁ ॥ ਤਿਉ ਨਾਮੈ ਬਿਨੁ ਦੇਹੁਰੀ ਜਮੁ ਮਾਰੈ ਅੰਤਰਿ ਦੋਖ ॥ [ਸੋਰਠਿ ਮ: ੧, ਪੰਨਾ ੫੯੭

ਭਾਵ–ਜਿਸ ਪ੍ਰਕਾਰ ਇੰਦ੍ਰੀਆਂ ਵਸ ਕੀਤੇ ਬਿਨਾਂ ਜੋਗੀ ਦੀ ਜੋਗ-ਸਾਧਨਾ ਅਤੇ ਸਤ ਸੰਤੋਖ ਕਿਸੇ ਲੇਖੇ ਨਹੀਂ, ਇਸੇ ਪ੍ਰਕਾਰ ਨਾਮ ਤੋਂ ਬਿਨਾਂ ਇਹ ਸਰੀਰ (ਦੇਹੀ) ਹੈ। ਇਹ ਦੋਖ ਪਾਪਾਂ ਦਾ ਭਰਿਆ ਹੋਇਆ ਹੈ। ਨਾਮ ਬਿਹੂਣ ਹੋਣ ਕਰਿ ਇਸ ਸਰੀਰ ਵਿਚੋਂ ਜਦ ਜੀਉ ਨਿਕਲੇਗਾ ਤਾਂ ਇਸ ਜੀਵ ਉਤੇ ਜਮਾਂ ਦੀ ਮਾਰ ਪਵੇਗੀ, ਅਤੇ ਬਰ ਜ਼ਰੂਰ ਪਵੇਗੀ, ਪੈਣੋਂ ਆਹਲੀ ਨਹੀਂ ਜਾਣੀ।

ਸਾਧ ਸੰਗਤਿ ਮਹਿ ਹਰਿ ਰਸੁ ਪਾਈਐ ਗੁਰਿ ਮਿਲਿਐ ਜਮ ਭਉ ਭਾਗਾ ॥

[ਸੋਰਠਿ ਮ: ੧, ਪੰਨਾ ੫੯੮

ਜਮ ਦਾ ਭਉ ਹਰੇਕ ਜੀਵ ਮਾਤਰ ਪ੍ਰਾਣੀ ਦੇ ਸਿਰ ਤੇ ਸਵਾਰ ਰਹਿੰਦਾ ਹੈ। ਕੇਵਲ ਤਿਸ ਪ੍ਰਾਣੀ ਦਾ ਜਮ ਭਉ ਮਿਟਦਾ ਹੈ ਜੋ ਗੁਰੂ ਘਰ ਦਾ ਅੰਮ੍ਰਿਤ ਛਕਿ, ਨਿਗੁਰਿਓਂ ਸਗੁਰਾ ਹੋ ਕੇ ਗੁਰਦੀਖਿਆ (ਗੁਰਮੰਤ੍ਰ) ਪ੍ਰਾਪਤਿ ਕਰਿ, ਸਤਿਸੰਗਤਿ ਦੇ ਆਸਰੇ ਅਥੱਕ ਨਾਮ ਅਭਿਆਸ ਕਮਾਈਆਂ ਕਰਿ, ਨਾਮ ਰਸ ਵਿਖੇ ਲੀਨ ਹੋ ਜਾਂਦਾ ਹੈ। ਤਿਸ ਦਾ, ਬਸ ਤਿਸੇ ਗੁਰਮੁਖ ਜਨ ਦਾ ਜਮ-ਡਰ ਮਿਟਦਾ ਹੈ, ਹੋਰ ਕਿਸੇ ਦਾ ਨਹੀਂ।

ਗੁਰ ਚਰਨੀ ਮਨੁ ਲਾਗਾ ॥
ਤਾ ਜਮ ਕਾ ਮਾਰਗੁ ਭਾਗਾ ॥

[ਸੋਰਠਿ ਮ: ੧, ਪੰਨਾ ੫੯੯

ਭਾਵ–ਗੁਰਮਤਿ ਨਾਮ ਜਪ ਜਪ ਕੇ ਜਦੋਂ ਗੁਰ ਚਰਨਾਂ ਦੀ ਲੀਨਤਾ ਪ੍ਰਾਪਤਿ ਹੋ ਗਈ, ਇਸ ਆਤਮ ਅਵਸਥਾ ਪ੍ਰਾਪਤੀ ਹੋਣ ਪਰ ਜਮ ਦੇ ਮਾਰਗ ਦਾ ਖਹਿੜਾ ਛੁਟਦਾ ਹੈ, ਨਹੀਂ ਤਾਂ ਅਵੱਸ਼-ਮੇਵ ਜਮ ਦੇ ਮਾਰਗ ਹਰ ਇਕ ਨੂੰ ਪੈਣਾ ਪੈਂਦਾ ਹੈ। ਕਿਸੇ ਦਾ ਭੀ ਛੁਟਕਾਰਾ ਨਹੀਂ ਹੋ ਸਕਦਾ।

ਕਲਿ ਕਲੇਸ ਮਿਟੇ ਦੁਖ ਸਗਲੇ ਕਾਟੀ ਜਮ ਕੀ ਫਾਸਾ ॥ ਕਹੁ ਨਾਨਕ ਪ੍ਰਭਿ ਕਿਰਪਾ ਧਾਰੀ ਮਨ ਤਨ ਭਏ ਬਿਗਾਸਾ ॥

[ਸੋਰਠਿ ਮ: ੫, ਪੰਨਾ ੬੧੫

ਵਾਹਿਗੁਰੂ ਦੀ ਅਪਾਰ ਕਿਰਪਾ ਹੋਣ ਪਰ ਗੁਰਮਤਿ ਨਾਮ ਅਭਿਆਸ ਦੀ ਕਮਾਈ ਦਾ ਸਦਕਾ ਜਦੋਂ ਅਭਿਆਸੀ ਜਨ ਦੇ ਮਨ ਤਨ ਤੇ ਸਾਰੇ ਜੋਤਿ ਦਾ ਪਰਕਾਸ਼ ਹੋ ਜਾਂਦਾ ਹੈ ਤਾਂ ਸਾਰੇ ਕਲਹ ਕਲੇਸ਼ ਅਤੇ ਦੁਖ ਮਿਟ ਜਾਂਦੇ ਹਨ, ਜਮ ਦੀ ਫਾਸ ਭੀ ਕਟੀ ਜਾਂਦੀ ਹੈ। ਨਹੀਂ ਤਾਂ ਇਹ ਜਮ ਦੀ ਫਾਸ ਸਾਰਿਆਂ ਦੇ ਸਿਰ ਤੇ ਖੜੀ ਹੈ, ਗਲ ਪੈਣੋਂ ਨਹੀਂ ਟਲੇਗੀ, ਭਾਵੇਂ ਕੋਈ ਕਿਤਨੇ ਕਰਮ ਕਮਾ ਲਵੇ, ਜ਼ੋਰ ਲਾ ਲਵੇ।

ਮੇਰਾ ਬੈਦੁ ਗੁਰੂ ਗੋਵਿੰਦਾ ॥ ਹਰਿ ਹਰਿ ਨਾਮੁ



www.AKJ.Org

ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ ॥

[ਸੋਰਠਿ ਮ: ੫, ਪੰਨਾ ੬੧੮

ਗੋਬਿੰਦ ਵਾਹਿਗੁਰੂ ਦੇ ਪਠਾਏ ਹੋਏ, ਗੋਬਿੰਦ ਵਾਹਿਗੁਰੂ ਦੇ ਗੁਰੂ ਬਣਾਏ ਹੋਏ, ਗੋਬਿੰਦ ਰੂਪ ਗੁਰੂ ਹੀ ਸਚੀ ਗੁਰੂ ਪਦਵੀ ਦੇ ਮਾਲਕ ਹਨ । ਸੋਈ ਗੋਬਿੰਦ ਰੂਪ ਗੁਰੂ ਹੀ ਨਾਮ ਰੂਪੀ ਅੰਮ੍ਰਿਤ-ਅਉਖਧੀ ਅੰਮ੍ਰਿਤ-ਨਾਮ-ਅਧਿਕਾਰੀਆਂ ਨੂੰ ਦੇਣ ਦੇ ਸਮਰੱਥ ਹਨ । ਹੋਰ ਕੋਈ ਕਚਾ ਪਿਲਾ ਆਪੇ ਬਣ ਬੈਠਾ ਡਿੰਭੀ ਗੁਰੂ ਹਰਗਿਜ਼ ਹਰਗਿਜ਼ ਕਿਸੇ ਨੂੰ ਗੁਰ-ਦੀਖਿਆ ਦੇਣ ਦੀ ਯੋਗਤਾ ਦਾ ਭਾਗੀ ਨਹੀਂ । ਬਸ, ਗੋਬਿੰਦ ਰੂਪ, ਵਾਹਿਗੁਰੂ ਪਠਾਏ, ਵਾਹਿਗੁਰੂ ਦੀ ਧੁਰ-ਦਰਗਾਹੋਂ ਬਣੇ ਆਏ, ਗੁਰੂ ਦੁਆਰਿਓਂ ਹੀ ਜਿਨ੍ਹਾਂ ਵਡਭਾਗਿਆਂ ਨੇ ਗੁਰ-ਦੀਖਿਆ ਮਈ ਅੰਮ੍ਰਿਤ-ਨਾਮ-ਅਉਖਧੀ ਪ੍ਰਾਪਤਿ ਕੀਤੀ ਹੈ, ਉਹਨਾਂ ਦੀ ਹੀ ਅਗੇ ਗਇਆਂ ਜਮ ਦੀ ਫਾਸ ਕਟੀ ਜਾਂਦੀ ਹੈ, ਹੋਰ ਕਿਸੇ ਦੀ ਨਹੀਂ । ਧੰਨ ਧੰਨ ਗੋਵਿੰਦ ਰੂਪ ਗੁਰੂ ਨਾਨਕ ਸਾਹਿਬ ਜੀ ! ਧੰਨ ਧੰਨ ਵਾਹਿਗੁਰੂ ਸਰੂਪ ਸ੍ਰੀ ਗੁਰੂ ਦਸਮੇਸ਼ ਗੁਰੂ ਗੋਬਿੰਦ ਸਿੰਘ ਜੀਉ, ਜਿਨ੍ਹਾਂ ਨੇ ਅਮਰ-ਸੁਰਜੀਤਨੀ-ਅੰਮ੍ਰਿਤ-ਮਰਯਾਦਾ ਚਲਾਈ ਅਤੇ ਜੁਗੋ ਜੁੱਗ ਅਟੱਲ ਰਖਾਈ, ਜਿਸ ਦਵਾਰਾ ਕਿ ਅੰਮ੍ਰਿਤਧਾਰੀ ਪ੍ਰਾਣੀਆਂ ਨੂੰ ਅਮਰ ਪਦਵੀ ਪ੍ਰਾਪਤਿ ਹੋਈ ਅਤੇ ਜਮ-ਫਾਸ ਦੀ ਤ੍ਰਾਸ ਮਿਟ ਗਈ, ਨਹੀਂ ਤਾਂ ਇਹ ਅਮਰ-ਸਰਜੀਵਨੀ-ਅਉਖਧੀ ਕਿਥੇ ਮਿਲਣੀ ਸੀ ?

ਪ੍ਰਭਿ ਕਾਟਿਆ ਜਮ ਕਾ ਫਾਸਾ ॥ ਮਨ ਪੂਰਨ ਹੋਈ ਆਸਾ ॥ ਜਹ ਪੇਖਾ ਤਹ ਸੋਈ ॥ ਹਰ ਪ੍ਰਭ ਬਿਨੁ ਅਵਰੁ ਨ ਕੋਈ ॥

[ਸੋਰਠਿ ਮ: ੫, ਪੰਨਾ ੬੨੨

ਗੁਰਮਤਿ ਨਾਮ ਦੀ ਅਤੁੱਟ ਕਮਾਈ ਕਰਿ ਜਦੋਂ ਆਤਮ ਬਿਵਸਥਾ ਏਥੋਂ ਤਾਈਂ ਅਪੜ ਜਾਂਦੀ ਹੈ ਕਿ ਅਭਿਆਸੀ ਗੁਰਮੁਖ ਜਨ ਨੂੰ ਸਾਰੇ ਵਾਹਿਗੁਰੂ ਦੀ ਜੋਤਿ ਪਰਗਟ ਪਹਾਰੇ ਪਰਤੱਖ ਦਿਸਣ ਲਗ ਪੈਂਦੀ ਹੈ, ਪਰਤੱਖ ਦਿਸਦੀ ਹੈ, ਅਨੁਮਾਨ ਮਾਤਰ ਨਹੀਂ, ਅਕਾਸ਼ ਪਤਾਲ ਘਟ ਘਟ ਅੰਦਰ ਵਾਹਿਗੁਰੂ ਹੀ ਵਾਹਿਗੁਰੂ ਨਜ਼ਰੀ ਆਉਣ ਲਗ ਪੈਂਦਾ ਹੈ, ਤਾਂ ਹੀ ਪਰਮਾਰਥੀ ਜਗਿਆਸੂ ਜਨ ਦੀਆਂ ਆਸਾਂ ਸਿਰ ਆਸ, ਤਤ ਆਸ ਦਾ ਮੇਅਰਾਜ ਹਾਸਲ ਹੁਦਾ ਹੈ। ਉਸ ਦੀਆਂ ਡੰਝਾਂ ਮਿਟ ਜਾਂਦੀਆਂ ਹਨ । ਵਾਹਿਗੁਰੂ ਦੀ ਕਿਰਪਾ ਨਾਲਿ ਉਸ ਦਾ ਜਮ ਦਾ ਫਾਸਾ ਹੀ ਕਟਿਆ ਜਾਂਦਾ ਹੈ। ਇਹ ਤਾ ਸੁਤੇ ਸੁਭਾਵ ਹੀ ਕਟਿਆ ਜਾਂਦਾ ਹੈ, ਜਦੋਂ ਐਸੀ ਉੱਚ ਆਤਮ-ਔਜ ਦੀ ਮੰਜ਼ਲ ਤਹਿ ਹੋ ਗਈ ।

ਆਪਣੇ ਜੀਅ ਜੰਤ ਆਪੇ ਰਾਖੇ ਜਮਹਿ ਕੀਓ ਹਟਤਾਰਿ ॥

[ਸੋਰਠਿ ਮ: ੫, ਪੰਨਾ ੬੨੦

ਜਿਨ੍ਹਾਂ ਸੰਤਾਂ ਨੂੰ ਵਾਹਿਗੁਰੂ ਨੇ ਆਪਣੀ ਕਿਰਪਾ ਕਰਕੇ ਆਪਣੇ ਪੱਨੇ ਪਾ ਲਿਆ ਹੈ, ਜਿਨ੍ਹਾਂ ਤੇ ਵਾਹਿਗੁਰੂ ਦੀ ਆਪਣੀ ਰਖਿਆ ਹੋਈ ਹੈ, ਤਿਨ੍ਹਾਂ ਵਡਭਾਗੇ ਜੰਤਾਂ ਲਈ ਜਮ ਵਲੋਂ ਹੜਤਾਲ ਹੋ ਗਈ ਹੈ, ਜਮੂਆ ਤਿਨ੍ਹਾਂ ਦੇ ਨੇੜੇ ਲਗਣੋਂ ਹਟ ਗਿਆ ਹੈ । ਤਿਨ੍ਹਾਂ ਨੂੰ ਜਮ ਦਾ ਦੂਖ ਕਦੇ ਹੋ ਨਹੀਂ ਸਕਦਾ, ਜਮ ਦਾ ਫਸਤਾ ਹੀ ਮੁਕ ਜਾਂਦਾ ਹੈ । ਪਰ ਹੋਰਨਾਂ ਦੇ ਸਿਰ ਤੇ ਜਮ ਦਾ ਡੰਡ ਕਰਾਰਾ ਮਉਜੂਦ ਹੈ, ਟਲਦਾ ਨਹੀਂ ।

ਵਡਿ ਭਾਗੀ ਸਤਿਗੁਰੁ ਪਾਇਆ ॥ ਜਿਨਿ ਜਮ ਕਾ ਪੰਥੁ ਮਿਟਾਇਆ ॥ ਹਰਿ ਭਗਤਿ ਭਾਇ ਚਿਤੁ ਲਾਗਾ ॥ ਜਪ ਜੀਵਹਿ ਸੇ ਵਡਿਭਾਗਾ ॥

[ਸੋਰਠਿ ਮ: ੫, ਪੰਨਾ ੬੨੩

ਵਡੇ ਭਾਗਾਂ ਕਰ ਕੇ ਜਿਨ੍ਹਾਂ ਨੂੰ ਸਤਿਗੁਰੂ ਸਚੇ ਪਾਤਸ਼ਾਹ ਦੀ ਪ੍ਰਾਪਤੀ ਹੋਈ ਅਤੇ ਸਤਿਗੁਰ ਸਚੇ ਪਾਤਸ਼ਾਹ ਦੀ ਗੁਰਸਿਖੀ ਜਿਨ੍ਹਾਂ ਨੂੰ ਮਿਲੀ ਹੈ, ਤਿਨ੍ਹਾਂ ਗੁਰਸਿਖਾਂ ਲਈ ਜਮ ਦਾ ਮਾਰਗ ਮਿਟ ਗਿਆ ਹੈ, ਗੁਰੂ ਨੇ ਆਪ ਮਿਟਾ ਦਿਤਾ ਹੈ । ਇਹ ਤਿਨ੍ਹਾਂ ਗੁਰਸਿਖਾਂ ਤੇ ਐਸੀ ਮੇਹਰ ਹੋਈ ਹੈ, ਜਿਨ੍ਹਾਂ ਨੇ ਭਗਤੀ ਭਾਉ ਵਿਚ ਐਸਾ ਚਿਤ ਗਡਿਆ ਹੈ ਕਿ ਵਡਭਾਗੀ ਜਨ ਸਾਰੀ ਉਮਰ ਵਾਹਿਗੁਰੂ ਨਾਮ ਜਪ ਕੇ ਹੀ ਜੀਵੇ, ਅਮਰ ਥੀਵੇ ਹਨ ।

ਨਾਲਿ ਨਾਰਾਇਣੁ ਮੇਰੈ ॥ ਜਮਦੂਤੁ ਨਾ ਆਵੈ ਨੇਰੈ ॥

[ਸੋਰਠਿ ਮ: ੫, ਪੰਨਾ ੬੩੦

ਸਾਸਿ ਸਾਸਿ ਵਾਹਿਗੁਰੂ ਨਾਮ ਜਪਣਹਾਰਿਆਂ ਦੇ ਸਦਾ ਵਾਹਿਗੁਰੂ ਅੰਗ ਸੰਗ ਹੀ ਰਹਿੰਦਾ ਹੈ, ਨਾਲ ਵਸਦਾ ਹੈ । ਇਸ ਕਰਕੇ ਉਹਨਾਂ ਗੁਰਮੁਖਾਂ ਦੇ ਨੇੜੇ ਜਮ ਰੂਪੀ ਦੂਤ ਨਹੀਂ ਆਉਂਦਾ ।

['ਅਣਡਿਠੀ ਦੁਨੀਆ' ਵਿਚੋਂ ਧੰਨਵਾਦ ਸਹਿਤ



www.AKJ.Org

# ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ॥

[ਵਲੋਂ :—ਸਾਰੰਗ ਜੀ, ਕਪੂਰਥਲਾ]

ਆਸਤਕ ਨਾਸਤਕ ਦੀ ਬਹੁਤੀ ਵਿਆਖਿਆ ਕਰਨ ਦੀ ਲੋੜ ਮਹਿਸੂਸ ਨਹੀਂ ਹੁੰਦੀ, ਕਿਉਂਕਿ ਅਜੋਕੇ ਸਮਾਜ ਵਿਚ ਦੋਹਾਂ ਧਿਰਾਂ ਨੂੰ ਪਤਾ ਹੀ ਹੁੰਦਾ ਹੈ। ਨਾਸਤਕ ਬਾਰੇ ਤਾਂ ਕੋਈ ਦੂਜੀ ਰਾਏ ਹੋ ਹੀ ਨਹੀਂ ਸਕਦੀ। ਉਹ ਤਾਂ ਮਾਦਾ-ਪ੍ਰਸਤ ਹੁੰਦੇ ਹੀ ਹਨ। ਉਨ੍ਹਾਂ ਨੂੰ ਪਰਮਾਤਮਾ ਦੀ ਹੋਂਦ ਉਤੇ ਉਕਾ ਹੀ ਵਿਸ਼ਵਾਸ ਨਹੀਂ ਹੁੰਦਾ। ਉਹ ਰੱਬ ਤੋਂ ਸਾਫ਼ ਮੁਨਕਿਰ ਹੁੰਦੇ ਹਨ ਅਤੇ ਇਸ ਲਈ ਉਨ੍ਹਾਂ ਦਾ ਚਲਨ ਜਾਂ ਤਾਂ ਅਤਿ ਭੈੜਾਂ ਹੋਵੇਗਾ, ਜਾਂ ਉਹ ਜੇ ਚੰਗੇ ਪੁਰਸ਼ ਹੋਣਗੇ, ਤਾਂ ਇਹੋ ਦਲੀਲ ਦਿੰਦੇ ਹੁੰਦੇ ਹਨ ਕਿ ਰੱਬ ਤੋਂ ਡਰਨ ਦੀ ਲੋੜ ਨਹੀਂ, ਨਾ ਹੀ ਉਸ ਦੀ ਖ਼ੁਸ਼ਾਮਦ ਕਰਨ ਦੀ ਜ਼ਰੂਰਤ ਹੈ। ਚੰਗੇ ਕੰਮ ਕਰੋ, ਆਪਣਾ ਦਿਲ ਸਾਫ਼ ਰਖੋ। ਪਰ ਦੇਖਣ ਵਿਚ ਇਹੋ ਹੀ ਆਇਆ ਹੈ ਕਿ ਨਾ ਤਾਂ ਉਨ੍ਹਾਂ ਦਾ ਦਿਲ ਹੀ ਸਾਫ਼ ਰਹਿੰਦਾ ਹੈ ਅਤੇ ਨਾ ਹੀ ਕੰਮ ਉਨ੍ਹਾਂ ਤੋਂ ਨੇਕ ਹੁੰਦੇ ਹਨ। ਕਈ ਵਾਰੀ ਉਹ ਬੜੇ ਨਿਰਦਈ ਸਾਬਤ ਹੁੰਦੇ ਹਨ, ਕਿਉਂਕਿ ਉਨ੍ਹਾਂ ਅੰਦਰ ਕਰਤੇ ਪੁਰਖ ਦੀ ਹੋਂਦ ਦਾ ਅਭਾਵ ਹੁੰਦਾ ਹੈ ਅਤੇ ਇਸ ਅਭਾਵ ਕਰਕੇ ਉਸ ਦੇ ਭੈ ਭਾਉ ਤੋਂ ਸਖਣੇ ਹੁੰਦੇ ਹਨ।

ਪਰ ਆਸਤਕਾਂ ਦੀਆਂ ਕਈ ਕਿਸਮਾਂ ਹਨ। ਬਹੁਤੇ ਆਸਤਕ ਤਾਂ ਦੇਵੀ ਦੇਵਤਿਆਂ, ਭੂਤਾਂ ਪ੍ਰੇਤਾਂ ਦੀਆਂ ਸ਼ਕਤੀਆਂ ਤੋਂ ਡਰਦੇ ਹੋਏ ਜੀਵਨ ਬਤੀਤ ਕਰੀ ਜਾਂਦੇ ਹਨ। ਭਾਵ ਮਾਦੀ ਦੁਨੀਆ ਤੋਂ ਛੁਟ ਉਹ ਰੂਹਾਨੀ ਦੁਨੀਆ ਵਿਚੋਂ ਬੜੀਆਂ ਨੀਵੀਆਂ ਜੂਨਾਂ ਵਿਚ ਆਪਣੀ ਆਸਤਕਤਾ ਰੱਖਦੇ ਹਨ—ਮੜ੍ਹੀ ਮਸਾਣ ਪੂਜਣੇ, ਗੁਗੇ ਪੀਰ ਜਾਂ ਪੀਰਾਂ ਦੀਆਂ ਕਬਰਾਂ ਤੇ ਝੰਡੇ ਚੜ੍ਹਾਣੇ, ਪੱਥਰ ਵਿਚ ਭਗਵਾਨ ਸਮਝ ਕੇ ਪੂਜਾ ਕਰਨੀ ਆਦਿ—

ਕੋਊ ਬੁਤਾਨ ਕੋ ਪੂਜਤ ਹੈ ਪਸੁ,
ਕੋਊ ਮ੍ਰਿਤਾਨ ਕੋ ਪੂਜਨ ਧਾਇਓ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗ,
ਸ੍ਰੀ ਭਗਵਾਨ ਕੋ ਭੇਦ ਨ ਪਾਇਓ॥

[ਸਵੱਈਏ ਪਾ: ੧੦

ਇਕ ਆਸਤਕ ਪੜ੍ਹੇ ਲਿਖੇ ਹੁੰਦੇ ਹਨ, ਜਿਨ੍ਹਾਂ ਨੇ ਵੇਦਾਂ, ਸ਼ਾਸਤ੍ਰਾਂ, ਭਾਂਤ ਭਾਂਤ ਦੀਆਂ ਫ਼ਿਲਾਸਫ਼ੀਆਂ ਘੋਖ ਕੇ ਆਪਣਾ ਈਮਾਨ ਬਣਾਇਆ ਹੁੰਦਾ ਹੈ। ਪਰ ਮਨ ਕਰਕੇ ਅਜੇ ਪਰਮਾਤਮਾ ਵਿਚ ਖੁਭੇ ਨਹੀਂ ਹੁੰਦੇ। ਉਨ੍ਹਾਂ ਦੇ ਆਸਤਕ ਹੋਣ ਤੇ ਬਹੁਤਾ ਭਰੋਸਾ ਨਹੀਂ ਕੀਤਾ ਜਾ ਸਕਦਾ, ਕਿਉਂਕਿ ਅਜੇ "ਹੁਕਮੀ ਬੰਦੇ ਕਾਰ ਕਰਾਰੀ" ਜਰਨ ਦੀ ਸਮਰਥਾ ਹੁੰਦੀ ਨਹੀਂ। ਹਾਂ "ਲੋਕਾ ਵੇ ਹਉ ਸੂਹਵੀ" ਜ਼ਰੂਰ ਹੁੰਦੇ ਹਨ।

ਖ਼ਲੀਲ ਜਬਰਾਨ, ਜੋ ਲੈਬਨਾਨ ਦੇ ਬਹੁਤ ਪ੍ਰਸਿਧ ਕਵੀ-ਫ਼ਿਲਾਸਫ਼ਰ ਸਨ, ਨੇ ਇਕ ਨਿੱਕੀ ਕਹਾਣੀ ਵਿਚ ਆਸਤਕ ਨਾਸਤਕ ਬਾਰੇ ਇਕ ਬੜੀ ਸੁਆਦਲੀ ਚੁਟਕੀ ਭਰੀ ਹੈ। ਕਹਾਣੀ ਬੜੀ ਛੋਟੀ ਜਿਹੀ ਹੈ ਪਰ ਪੁਰ-ਅਸਰ ਹੈ—

"ਇਕ ਸੀ ਨਾਸਤਕ ਤੇ ਇਕ ਸੀ ਆਸਤਕ। ਉਹ ਇਸੇ ਕਾਰਨ ਇਕ ਦੂਜੇ ਦੀ ਨਿੰਦਾ ਹੀ ਕਰਦੇ ਰਹਿੰਦੇ ਸਨ। ਅਤੇ ਇਕ ਦੂਜੇ ਨੂੰ ਘਣੀ ਘ੍ਰਿਣਾ ਕਰਦੇ ਸਨ। ਇਕ ਦਿਨ ਦੋਹਾਂ ਦਾ ਬਾਜ਼ਾਰ ਵਿਚ ਟਾਕਰਾ ਹੋ ਪਿਆ। ਦੋਨਾਂ ਦੀ ਭਰੇ ਬਜ਼ਾਰ ਵਿਚ ਆਪੋ ਵਿਚ ਬਹੁਤ ਚਰਚਾ ਹੋਈ। ਪਰ ਕੋਈ ਵੀ ਇਕ ਦੂਜੇ ਨੂੰ ਆਪਣੇ ਵਿਚਾਰ ਮੰਨਾ ਨਾ ਸਕਿਆ। ਸ਼ਾਮ ਨੂੰ ਹੰਭ ਕੇ ਉਹ ਆਪੋ ਆਪਣੇ ਘਰ ਚਲੇ ਗਏ। ਲੋਕਾਂ ਨੇ ਦੋਹਾਂ ਦਾ ਤਮਾਸ਼ਾ ਵੇਖਿਆ। ਘਰ ਜਾ ਕੇ ਦੋਹਾਂ ਨੇ ਆਪੋ ਆਪਣੇ ਗ੍ਰੰਥ ਅਤੇ ਪੁਸਤਕਾਂ ਸਾੜ ਦਿੱਤੀਆਂ। ਅਚੰਭੇ ਦੀ ਗੱਲ ਇਹ ਹੋਈ ਕਿ ਆਸਤਕ ਨਾਸਤਕ ਹੋ ਚੁਕਾ ਸੀ ਅਤੇ ਨਾਸਤਕ ਆਸਤਕ।"

ਕਹਾਣੀਕਾਰ ਦਾ ਇਸ ਕਹਾਣੀ ਤੋਂ ਇਹੋ ਤਾਤਪਰਜ ਹੈ ਕਿ ਦੋਹਾਂ ਸਜਣਾਂ ਨੂੰ ਆਪੋ ਆਪਣੇ ਇਲਮ ਉਤੇ, ਅਤੇ ਆਪੋ ਆਪਣੀ ਪੜ੍ਹਾਈ ਉਤੇ



www.AKJ.Org

ਮਾਣ ਸੀ, ਮਾਣ ਵਿਚ ਆ ਕੇ ਇਕ ਦੂਜੇ ਦੀ ਨਿੰਦਾ ਅਤੇ ਘ੍ਰਿਣਾ ਕਰਦੇ ਸਨ। ਪਰ ਅੰਦਰੋਂ ਖੋਖਲੇ ਹੋਣ ਕਰਕੇ, ਆਪਣੇ ਖੋਖਲੇ ਹੋਣ ਦਾ ਅਹਿਸਾਸ ਉਦੋਂ ਹੀ ਹੋਇਆ ਜਦੋਂ ਦੋਵੇਂ ਇਕ ਦੂਜੇ ਨੂੰ ਮੰਨਾ ਨਾ ਸਕੇ।

ਕਹਾਣੀ ਪੜ੍ਹਨ ਸੁਨਣ ਵਾਲੇ ਦੇ ਮਨ ਵਿਚ ਸਵਾਲ ਉਠਦਾ ਹੈ, ਨੁਕਸਾਨ ਕਿਸ ਦਾ ਬਹੁਤਾ ਹੋਇਆ? ਆਸਤਕ ਕਹਿਣਗੇ ਕਿ ਆਸਤਕ ਦਾ ਬਹੁਤ ਹੋਇਆ, ਕਿਉਂਕਿ ਉਹ ਰੱਬ ਤੋਂ ਦੂਰ ਹੋ ਗਿਆ। ਅਤੇ ਹੈ ਭੀ ਸੱਚ। ਇਸ ਤਰ੍ਹਾਂ ਦੀਆਂ ਬਹਿਸਾਂ ਵਿਚ ਆਸਤਕ ਹੀ ਘਾਟੇ ਵਿਚ ਰਹਿੰਦਾ ਹੈ।

**ਗੁਰੂ ਉਪਰ, ਅਕਾਲ ਪੁਰਖ ਉਤੇ ਅਤੁਟ ਭਰੋਸਾ ਰੱਖਣ ਦਾ ਨਾਮ ਆਸਤਕਤਾ ਹੈ। ਫਿਰ ਮਨ ਦੀ ਲਿਵ ਨੂੰ ਗੁਰੂ ਆਪ ਹੀ ਮਿਹਰ ਕਰ ਕੇ ਬਦਲਦਾ ਹੈ, ਚਰਚਾ, ਬਹਿਸਾਂ ਜਾਂ ਦਲੀਲ-ਬਾਜ਼ੀਆਂ ਨਾਲ ਮਨ ਨਹੀਂ ਬਦਲਦੇ।**

ਕਹਿ ਕਬੀਰ ਅਬ ਜਾਨਿਆ ॥ ਜਬ ਜਾਨਿਆ ਤਉ ਮਨ ਮਾਨਿਆ ॥ ਮਨ ਮਾਨੇ ਲੋਗੁ ਨ ਪਤੀਜੈ ॥ ਨ ਪਤੀਜੈ ਤਉ ਕਿਆ ਕੀਜੈ ॥੩॥੭॥ [ਸੋਰਠਿ ਕਬੀਰ ਜੀ, ੬੫੬

ਸੋ ਆਸਤਕ ਬਣਨ ਲਈ ਤਾਂ ਬਹਿਸ ਦੇ ਦਾਇਰੇ ਵਿਚੋਂ ਬਾਹਰ ਨਿਕਲ ਕੇ, ਅਟੱਲ ਭਰੋਸੇ ਦੇ ਦਾਇਰੇ ਵਿਚ ਪ੍ਰਵੇਸ਼ ਕਰਨਾ ਜ਼ਰੂਰੀ ਹੈ। ਯਥਾ ਗੁਰਵਾਕ :—

ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥
[ਸਿਰੀ ਰਾਗੁ ਮ: ੫, ਪੰਨਾ ੫੧

ਫਿਰ ਤੇ ਦੁਖ ਆਵੇ ਜਾਂ ਸੁਖ, ਅਰਦਾਸ ਕਰੇ, ਭਰੋਸਾ ਟਿਕਿਆ ਰਵ੍ਹੇ। ਮਾਣ ਨਾ ਕਰੇ, ਭਰੋਸਾ ਕਰੇ। ਹੁਕਮ ਰਜ਼ਾ ਲਈ ਬੇਨਤੀਆਂ ਕਰੇ ॥

ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ ॥ ਹੋਹੁ ਨਿਮਾਣਾ ਸਤਿਗੁਰੂ ਅਗੈ ਮਤ ਕਿਛੁ ਆਪੁ ਲਖਾਵਹੇ ॥ ਆਪਣੈ ਅਹੰਕਾਰਿ ਜਗਤੁ ਜਲਿਆ ਮਤ ਤੂੰ ਆਪਣਾ ਆਪ ਗਵਾਵਹੇ ॥
[ਆਸਾ ਮ: ੩, ਪੰਨਾ ੪੪੧

ਇਸ ਨਿੱਕੀ ਜਿਹੀ ਕਹਾਣੀ ਤੋਂ ਇਕ ਹੋਰ ਭੀ ਸਿਖਿਆ ਮਿਲਦੀ ਹੈ ਕਿ ਬਹਿਸਾਂ ਵਿਚ ਪੈਣਾ ਫ਼ਜ਼ੂਲ ਹੈ, ਕਿਸੇ ਲੇਖੇ ਨਹੀਂ। ਅਤੇ ਇਹੋ ਮਤ ਲੈਣੀ ਚਾਹੀਦੀ ਹੈ ਕਿ ਕਿਸੇ ਨੂੰ ਵੀ ਮੰਦਾ ਨਾ ਆਖੋ।

ਮੰਦਾ ਕਿਸੈ ਨ ਆਖ ਝਗੜਾ ਪਾਵਣਾ ॥
[ਵਡਹੰਸ ਮ: ੧, ਪੰਨਾ ੫੬੬

ਮੰਦਾ ਕਿਸੈ ਨ ਆਖੀਐ, ਪੜਿ ਅਖਰੁ ਏਹੋ ਬੁਝੀਐ ॥੧੯॥ [ਆਸਾ ਕੀ ਵਾਰ

ਇਸ ਸੰਬੰਧ ਵਿਚ ਸਿਖ ਪੰਥ ਵਿਚ ਵਾਪਰੀ ਇਕ ਘਟਨਾ ਦਾ ਜ਼ਿਕਰ ਕਰਨਾ ਲਾਭਦਾਇਕ ਹੋਵੇਗਾ। ਪ੍ਰੋਫੈਸਰ ਪੂਰਨ ਸਿੰਘ ਜੀ, ਜਦੋਂ ਗੁਰੂ ਤੋਂ ਬੇਮੁਖ ਹੋ ਗਏ ਸਨ ਤਾਂ ਸਵਾਮੀ ਰਾਮ ਤੀਰਥ ਦੇ ਚੇਲੇ ਬਣ ਗਏ। ਬਥੇਰੇ ਗੁਰੂ ਘਰ ਦੇ ਆਸਤਕ ਪ੍ਰਾਣੀਆਂ ਮਿਤਰਾਂ ਦੋਸਤਾਂ ਨੇ ਪ੍ਰੇਰਿਆਂ,ਪਰ ਪ੍ਰੋਫ਼ੈਸਰ ਸਾਹਿਬ ਆਪਣੇ ਨਵੇਂ ਧਰਮ ਵਿੱਚ ਪੱਕੇ ਰਹੇ। ਕਹਿੰਦੇ ਹਨ, ਭਾਈ ਸਾਹਿਬ ਵੀਰ ਸਿੰਘ ਜੀ ਨਾਲ ਉਹਨਾਂ ਨੇ ਕੁਝ ਘੜੀਆਂ ਸਤਿਸੰਗ ਕੀਤਾ। ਪਤਾ ਨਹੀਂ ਕੀ ਕਲਾ ਵਰਤੀ, ਪ੍ਰੋ: ਪੂਰਨ ਸਿੰਘ ਨੱਚ ਉਠਿਆ। ਅੰਮ੍ਰਿਤ ਛਕ ਕੇ, ਗੁਰੂ ਵਾਲਾ ਬਣ ਕੇ, ਫਿਰ ਉਸ ਨੇ ਜੋ ਗੁਰੂ-ਸਾਹਿੱਤ ਰਚਿਆ ਹੈ ਉਹ ਬਿਸਮਾਦ ਹੀ ਬਿਸਮਾਦ ਹੈ। ਇਸੇ ਤਰ੍ਹਾਂ ਦੀਆਂ ਅਨੇਕ ਕ੍ਰਿਸ਼ਮੀ ਘਟਨਾਵਾਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੀਵਨ ਵਿਚ ਭੀ ਮਿਲ-ਦੀਆਂ ਹਨ, ਜਦੋਂ ਉਨ੍ਹਾਂ ਦੀ ਤਲਿਸਮੀ ਛੁਹ ਨਾਲ ਅਨੇਕਾਂ ਘੋਰ ਨਾਸਤਕ, ਆਸਤਕ ਬਣੇ ਹਨ। ਪਰ ਮਜ਼ੇ ਦੀ ਗੱਲ ਇਹ ਹੈ ਕਿ ਉਪਰੋਕਤ ਮਹਾਂ ਪੁਰਸ਼ ਵਾਦ-ਵਿਵਾਦ ਨਹੀਂ ਸਨ ਕਰਦੇ, ਆਪਣੀ ਰਸਾਇਣੀ ਪਾਰਸ-ਕਲਾ ਦੀ ਛੁਹ ਦੇ ਕੇ ਹੀ ਜੀਵਨ ਪਲਟਾ ਦਿੰਦੇ ਸਨ। ਇਹੋ ਹਾਲ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਦਸਾਂ ਪਾਤਸ਼ਾਹੀਆਂ ਤਕ ਦਾ ਸੀ। ਉਨ੍ਹਾਂ ਦਰਸ਼ਨਾਂ ਨਾਲ, ਜੀਵਨ-ਝਲਕੀਆਂ ਨਾਲ ਮੱਲੋ-ਮੱਲੀ ਜੀਵਨ ਪਲਟਾ ਖਾ ਜਾਂਦਾ ਸੀ।

ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ ॥
ਰਸਨਾ ਰਾਮ ਰਸਾਇਨੁ ਪੀਜੈ ॥੨॥
[ਭੈਰਉ ਨਾਮਦੇਉ ਜੀਉ


www.AKJ.Org

# "ਸਗਲ ਸੰਗਿ ਹਮ ਕਉ ਬਨਿ ਆਈ"

[ਵਲੋਂ—ਸ: ਮੋਹਨ ਸਿੰਘ ਜੀ, ਮੁਜ਼ੱਫਰ ਨਗਰ]

"ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧ ਸੰਗਤਿ ਮੋਹਿ ਪਾਈ ॥
ਨਾ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ ॥"

ਬਾਣੀ ਪੰਜਵੇਂ ਨਾਨਕ ਵਾਲੀ, ਮੁਖ ਥੀਂ ਜਾਵੇ ਗਾਈ।
ਇਕ ਸਿਖ ਗੁਰੂ ਕਾ 'ਭਾਈ ਘਨੱਈਆ' ਮਸ਼ਕ ਪਾਣੀ ਦੀ ਗਲ ਲਟਕਾਈ।
ਕੋਈ ਵੀ ਫੱਟੜ ਜ਼ਖ਼ਮੀ ਦਿੱਸੇ, ਜਾਂ ਵੇਖੇ ਕੋਈ ਜਿੰਦ ਤਿਹਾਈ,
ਰਣਭੂਮੀ 'ਚ ਬਿਨਾਂ ਵਿਤਕਰੇ, ਸਭ ਨੂੰ ਪਾਣੀ ਜਾਏ ਪਿਆਈ।
ਕੁਝ ਮੇਰੇ ਵਰਗੇ ਭੁੱਲੜ ਸਿੰਘਾਂ, ਸਤਿਗੁਰ ਪਾਸ ਸ਼ਕਾਇਤ ਪਹੁੰਚਾਈ।
ਸੱਦ ਭੇਜਿਆ ਝੱਟ ਗੁਰਾਂ ਨੇ, ਹਾਜ਼ਰ ਹੋਇਆ ਸੀਸ ਨਿਵਾਈ।
'ਅੰਤਰਜਾਮੀ' ਪੁੱਛਣ ਲੱਗੇ, ਕਿਉਂ 'ਘਨੱਈਆ ਸਿੰਘਾ' ਭਾਈ!
ਏਹ ਸਿੰਘ ਤੇਰੇ ਤੇ ਰੰਜ ਕਿਉਂ ਨੇ, ਭੇਤ ਖੋਲ੍ਹ ਕੇ ਦੇਹ ਸਫਾਈ?
ਘਨੱਈਆ ਸਿੰਘ ਨਿਮਾਣੇ ਹੋ ਕੇ, ਕਹਿਆ ਗਲ ਵਿੱਚ ਪੱਲਾ ਪਾਈ,
ਕੋਈ ਹੋ ਗਈ ਹੋਊ ਅਵੱਗਿਆ ਮੈਥੋਂ, ਦੀਨ ਦਇਆਲ ਮੇਹਰਾਂ ਦੇ ਸਾਈਂ!
ਮੈਂ ਸਦਾ ਹਾਂ ਭੁੱਲਣਹਾਰਾ, ਇਹ ਨੇ ਯੋਧੇ ਬੀਰ ਸਿਪਾਹੀ।
ਹਾਜ਼ਰ ਹਾਂ ਮੈਂ ਵੀਰਾਂ ਸਾਹਵੇਂ, ਜੋ ਚਾਹੁਣ ਸੋ ਦੇਹੁ ਸਜ਼ਾਈ।
ਸਿੰਘਾਂ ਤੋਂ ਫਿਰ ਪੁੱਛਣ ਲੱਗੇ, ਦਿਲ ਦੀ ਜਾਨਣ ਵਾਲੇ ਮਾਹੀ।
ਤਾਂ ਹੱਥ ਜੋੜ ਕੇ ਓਨ੍ਹਾਂ ਵਿਚੋਂ, ਇਕ ਨੇ ਏਦਾਂ ਗੱਲ ਦੁਹਰਾਈ:
ਰਣ-ਭੂਮੀ ਦੇ ਅੰਦਰ ਦਾਤਾ, ਘਮਸਾਣ ਦੀ ਹੋਵੇ ਜਦੋਂ ਲੜਾਈ,
ਹਾਂ ਮਾਰ ਮਾਰ ਕੇ ਅਸੀਂ ਗਿਰਾਂਦੇ, ਜਿਨ੍ਹਾਂ ਮੁਗ਼ਲ ਪਠਾਣਾਂ ਤਾਈਂ,
ਉਨ੍ਹਾਂ ਤਾਈਂ ਪਿਲਾਵੇ ਪਾਣੀ. ਵੇਖੋ ਕਮਲਾ ਏਹ ਸ਼ੁਦਾਈ।
ਅਪਣੇ ਅਤੇ ਪਰਾਏ ਵਾਲੀ, ਸੁਰਤ ਜੇ ਮੂਲੋਂ ਏਸ ਭੁਲਾਈ।
ਭਾਈ ਘਨੱਈਆ! ਠੀਕ ਗੱਲ ਏ? ਜਿਹੜੀ ਸਿੰਘ ਨੇ ਆਖ ਸੁਣਾਈ?
ਹਾਂ ਦਾਤਾ! ਨਹੀਂ ਸ਼ੱਕ ਏਸ ਵਿਚ, ਜੋ ਕਹਿਐ ਸਿੰਘ ਨੇ ਝੂਠ ਨਹੀਂ ਰਾਈ।
ਪਰ ਮੈਨੂੰ ਤਾਂ ਤੂੰ ਨਜ਼ਰੀਂ ਆਵੇਂ, ਜਿੱਧਰ ਵੇਖਾਂ ਮੇਰੇ ਸਾਈਂ।
ਪਾਣੀ ਵੀ ਮੈਂ ਬਾਝੋਂ ਤੇਰੇ, ਕਿਸੇ ਗ਼ੈਰ-ਮੂੰਹ ਵਿਚ ਪਾਇਆ ਨਾਹੀਂ।
ਸੁਣ 'ਪ੍ਰੀਤਮ' ਕਿਸੇ ਰੰਗ 'ਚ ਆਏ, ਨੂਰੀ ਮੁੱਖ ਤੇ ਲਾਲੀ ਛਾਈ।
'ਧੰਨੁ ਸਿੱਖੀ' 'ਧੰਨੁ ਸਿੱਖੀ' ਕਹਿ, ਘਨੱਈਏ ਨੂੰ ਗਲਵੱਕੜੀ ਪਾਈ।
ਫਿਰ ਸਿੰਘਾਂ ਤਾਈਂ ਮੁਖਾਤਿਬ ਹੋ ਕੇ, ਆਖਣ ਲੱਗੇ 'ਸੰਤ ਸਿਪਾਹੀ',
ਮੈਂ ਸਦਕੇ ਜਾਵਾਂ ਸਿੰਘ ਏਸ ਤੋਂ, ਜਿਸ ਇਹ ਬ੍ਰਹਮ-ਅਵੱਸਥਾ ਪਾਈ।
'ਮੋਹਨ' ਸਿੰਘ ਸਭ ਚਕ੍ਰਿਤ ਹੋਏ, ਵੇਖ ਕਲਗੀਧਰ ਦਾ ਚੋਜ ਅਲਾਹੀ।
ਪਰ ਭਾਈ ਘਨੱਈਆ ਗਾ ਰਿਹਾ ਸੀ, ਉਵੇਂ ਅਪਣਾ ਸੀਸ ਝੁਕਾਈ।
"ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧ ਸੰਗਤਿ ਮੋਹਿ ਪਾਈ ॥
ਨਾ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗਿ ਹਮ ਕੋ ਬਨਿ ਆਈ ॥"

['ਸੂਰਾ' ਜੁਲਾਈ ੧੯੭੬ ਤੇ ਛਪੇ ਭਾਈ ਘਨੱਈਆ ਦੇ ਚਿੱਤਰ ਤੋਂ ਪ੍ਰਭਾਵਤ ਹੋ ਕੇ ਲਿਖੀ ਕਵਿਤਾ



www.AKJ.Org

# ਕੇਸਕੀ ਦੀ ਸੋਭਾ

[ਵਲੋਂ—ਭਾਈ ਸਾਹਿਬ ਰਾਮ ਸਿੰਘ ਜੀ, ਸੁਕਐਡਰਨ ਲੀਡਰ (ਰੀ:)]

ਦਸਮੇਸ਼ ਪਿਤਾ ਜੀ ਨੇ ਖ਼ਾਲਸੇ ਨੂੰ ਨਿਆਰਾ ਪਹਿਰਾਵਾ ਬਖ਼ਸ਼ਦਿਆਂ ਹੋਇਆਂ ਹੁਕਮ ਜਾਰੀ ਕੀਤਾ "ਕਿ ਸਭ ਸਿਖ ਪੂਰੇ ਕੇਸ ਰੱਖਣ। ਕੇਸ ਗੁਰੂ ਕੀ ਮੋਹਰ ਹਨ"। ਇਸ ਦੇ ਨਾਲ ਹੀ ਕੇਸਾਂ ਦੀ ਭੈ-ਭਾਵਨੀ ਵਾਲੀ ਸਤਿਕਾਰ ਭਰੀ ਸੰਭਾਲ ਕਰਨ ਲਈ ਦਿਹਾੜੀ ਵਿਚ ਦੋ ਦਫ਼ਾ ਕੰਘਾ ਕਰਨ ਲਈ ਕਿਹਾ ਅਤੇ ਪੱਗ ਚੁਣ ਕੇ ਬੰਨ੍ਹਣ ਲਈ ਕਿਹਾ। ਇਸ ਨਾਲ ਗੁਰਸਿਖਾਂ ਲਈ ਕੇਸਾਂ ਦਾ ਧਾਰਨੀ ਹੋਣਾ ਅਤਿ ਜ਼ਰੂਰੀ ਹੋ ਗਿਆ। ਅਤੇ ਦਸਤਾਰ-ਸਜੀਲੇ ਦਰਸ਼ਨ ਭੀ ਲਾਜ਼ਮੀ ਹੋ ਗਏ। ਆਪਣੀ ਅਤੇ ਮਜ਼ਲੂਮਾਂ ਦੀ ਰੱਖਿਆ ਵਾਸਤੇ ਕਿਰਪਾਨ ਪਹਿਨਣ ਲਈ ਕਿਹਾ। ਸ਼ੀਰਕ ਉਦੱਮ,ਚੁਸਤੀ ਅਤੇ ਫੁਰਤੀਲਾਪਨ ਲਈ ਧੋਤੀ, ਚਾਦਰ ਜਾਂ ਲੰਗੋਟੀ ਦੀ ਜਗ੍ਹਾ ਕਛਹਿਰਾ ਪਹਿਨਣ ਲਈ ਕਿਹਾ। ਪੰਚ ਵਿਕਾਰੀ ਬਲੀਆਂ ਨੂੰ ਆਪਣੇ ਵੱਸ ਵਿਚ ਕੱਰ ਕੇ ਰੱਖਣ ਲਈ, ਸੱਜੇ ਹੱਥ ਵਿਚ ਸਰਬ ਲੋਹ ਦਾ ਕੜਾ ਪਹਿਰਨ ਲਈ ਕਿਹਾ।

ਇਹ ਰਹਿਤ ਮਰਯਾਦਾ ਸਭਨਾਂ ਲਈ ਸਾਂਝੀ ਪਰਚੱਲਤ ਕੀਤੀ। ਇਸਤ੍ਰੀਆਂ ਲਈ ਕੋਈ ਅਲੱਗ ਮਰਯਾਦਾ ਨਹੀਂ ਚਲਾਈ। ਜੇ ਕਲਗੀਧਰ ਪਿਤਾ ਇਸਤ੍ਰੀਆਂ ਲਈ ਅਲੱਗ ਮਰਯਾਦਾ ਚਲਾਉਂਦੇ ਤਾਂ ਅੰਨ੍ਹਿਆਂ, ਕਾਣਿਆਂ, ਬੱਚਿਆ, ਬੁੱਢਿਆਂ ਅਤੇ ਲੰਗੜਿਆਂ ਲੂਲ੍ਹਿਆਂ ਵਾਸਤੇ ਭੀ ਉਨ੍ਹਾਂ ਦੀ ਉਮਰ ਦੇ ਲਿਹਾਜ਼ ਨਾਲ ਜਾਂ ਸਰੀਰਕ ਬੇ-ਵਸੀ ਦੇ ਖ਼ਿਆਲ ਨਾਲ ਅਲੱਗ ਮਰਯਾਦਾ ਚਲਾਉਣੀ ਲਾਜ਼ਮੀ ਹੋ ਜਾਂਦੀ। ਪਰ ਐਸਾ ਕੀਤਾ ਨਹੀਂ। ਕਿਉਂਕਿ ਰੱਬ ਇੱਕ, ਗੁਰੂ ਇੱਕ, ਅੰਮ੍ਰਿਤ ਇੱਕ, ਨਾਮ ਇੱਕ। ਇਸ ਲਈ ਗੁਰਸਿਖੀ ਮਾਰਗ ਭੀ ਇਕ ਹੀ ਹੋਣਾ ਲਾਜ਼ਮੀ ਸੀ। ਇਸ **ਇੱਕ ਮਾਰਗ** ਦੇ ਪਾਂਧੀਆਂ ਲਈ, ਰਹਿਤ-ਮਰਯਾਦਵੀ ਲਿਬਾਸ ਭੀ, ਸਤਿਗੁਰਾਂ ਨੂੰ ਇੱਕ ਹੀ ਜੈਸਾ ਭਾਇਆ। ਇਕ ਮਰਯਾਦਾ ਅਤੇ ਇਕ ਲਿਬਾਸ ਦੇ ਕਾਰਨ ਖ਼ਾਲਸਾ ਭੀ ਇੱਕ ਹੀ ਹੈ। ਅਤੇ ਖ਼ਾਲਸਾ ਜੀ ਦਾ ਦਰਸ਼ਨ ਭੀ ਇਕ ਹੀ ਸਮਾਨ ਹੈ। ਇਹ ਦਰਸ਼ਨ ਖ਼ਾਸ ਅਗੰਮੜਾ ਦਰਸ਼ਨ ਹੈ, ਚੜ੍ਹਦੀਆਂ ਕਲਾਂ ਵਾਲਾ ਦਰਸ਼ਨ ਹੈ, ਸ਼ਾਂਤੀ ਅਨੰਦ ਅਤੇ ਸੀਤਲਤਾ ਬਖ਼ਸ਼ਣ ਵਾਲਾ ਦਰਸ਼ਨ ਹੈ, ਇਹ ਕਲਗੀਧਰ ਜੀ ਦਾ ਖਾਸ (ਰੂਪ) ਦਰਸ਼ਨ ਹੈ। ਖ਼ਾਸ ਰੂਪ ਇੱਕ ਹੀ ਰੂਪ ਹੋਇਆ ਕਰਦਾ ਹੈ; ਇਕ ਤੋਂ ਜ਼ਿਆਦਾ ਨਹੀਂ। ਇਸ ਲਈ ਕੇਸ-ਕਕਾਰੀ ਦਸਤਾਰੀ-ਦਰਸ਼ਨ-ਭਰਪੂਰ-ਰਹਿਤ ਸਭ ਸਿਖਨ (ਮਰਦਾਂ ਇਸਤ੍ਰੀਆਂ) ਲਈ ਸਾਂਝੀ ਹੈ।

ਪੰਥ ਵਿਚ ਬੀਬੀਆਂ ਦੇ ਦਸਤਾਰ ਸਜਾਉਣ ਬਾਰੇ ਕੁਝ ਮਤਿ-ਭੇਦ ਦੀ ਗੰਧਲਤਾ ਜਹੀ ਖੜੀ ਹੋ ਗਈ ਹੈ। ਥੋੜੀ ਗਿਣਤੀ ਤਾਂ ਦਸਤਾਰ ਦੇ ਹੱਕ ਵਿੱਚ ਹੈ ਪਰ ਬਹੁ-ਗਿਣਤੀ ਇਸਦੇ ਖ਼ਿਲਾਫ਼ ਹੈ। ਕੱਛ, ਕੜਾ, ਕੰਘਾ ਅਤੇ ਕਿਰਪਾਨ ਬਾਰੇ ਸਾਰੇ ਸਹਿਮਤ ਹਨ ਕਿ ਇਹ ਹਰ ਅੰਮ੍ਰਿਤਧਾਰੀ ਨੂੰ ਪਹਿਨਣੇ ਚਾਹੀਦੇ ਹਨ। ਕੇਸ ਤਾਂ ਗੁਰੂ-ਕੀ-ਮੋਹਰ ਹੋਣ ਦੇ ਨਾਤੇ ਹਰ ਅੰਮ੍ਰਿਤਧਾਰੀ ਦੇ ਸੀਸ ਉੱਤੇ ਹੋਣੇ ਹੀ ਹਨ। ਇਹ ਤਾਂ ਸਰੀਰ ਤੋਂ ਆਪਣੇ ਆਪ ਅਲੱਗ ਹੋਣੋਂ ਰਹੇ। ਇਸ ਲਈ ਏਨ੍ਹਾਂ ਨੂੰ ਬਾਕੀ ਕਕਾਰਾਂ ਦੀ ਤਰ੍ਹਾਂ ਪਹਿਨਣ ਦਾ ਸਵਾਲ ਹੀ ਨਹੀਂ ਉਠਦਾ। ਸਵਾਲ ਤਾਂ ਇਨ੍ਹਾਂ ਕੇਸਾਂ ਦੀ ਸੰਭਾਲ ਦਾ ਹੈ। ਸੰਭਾਲ ਭੀ ਗੁਰ-ਦਰਸਾਈ ਮਰਯਾਦਾ ਅਨੁਸਾਰ—ਦੋ ਦਫ਼ਾ ਕੰਘਾ ਅਤੇ ਚੁਣ ਕੇ ਪੱਗ।

ਬਹੁਤ ਸਾਰੀ ਸਿਖੀ ਮਰਯਾਦਾ ਸੀਨਾ ਬਸੀਨਾ ਹੀ ਚਲੀ ਆਈ ਭਾਸਦੀ ਹੈ। ਕੋਈ ੫੦-੬੦ ਬਰਸ ਪਹਿਲੋਂ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਕੇਸਕੀ ਸਜਵਾ ਕੇ ਹੀ ਬੀਬੀਆਂ ਨੂੰ ਅੰਮ੍ਰਿਤ ਪਾਨ ਕਰਵਾਇਆ ਕਰਦੇ ਸਨ। ਭੁਝੰਗਣ ਆਸ਼ਰਮ ਕੈਰੋਂ ਵਿਚ ਸਭ ਵਿਦਿਆਰਥਣਾਂ ਦੇ ਸਿਰਾਂ ਉਤੇ ਕੇਸਕੀ ਹੋਇਆ ਕਰਦੀ ਸੀ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਕੇਸਕੀ ਪੁਰਾਤਨ ਗੁਰਸਿਖੀ ਰਹੁਰੀਤ ਦਾ ਇਕ ਪੱਕਾ ਅੰਗ ਸੀ ਅਤੇ



www.AKJ.Org

ਪੰਜਵਾਂ ਕਕਾਰ ਸੀ । ਜਿਉਂ ਜਿਉਂ ਸਮਾਂ ਬੀਤਦਾ ਗਿਆ, ਸਿਖ ਆਰਾਮ-ਤਲਬ ਹੁੰਦੇ ਹੁੰਦੇ, ਮਾਇਆ ਵਿਚ ਖੁਭ ਕੇ ਫ਼ੈਸ਼ਨ-ਪ੍ਰਸਤ ਹੋ ਗਏ, ਤਿਉਂ ਤਿਉਂ ਹੀ ਕੇਸ਼ਕੀ ਅੱਖਾਂ ਤੋਂ ਓਹਲੇ ਹੁੰਦੀ ਗਈ । ਹਾਲਤ ਏਥੋਂ ਤੱਕ ਵਿਗੜੀ ਕਿ ਪੰਥ ਦੀ ਵਾਗ ਡੋਰ ਆਰਾਮ-ਤਲਬ ਸਿਖਾਂ ਦੇ ਹੱਥ ਆਉਣ ਕਰਕੇ, ਇਨ੍ਹਾਂ ਨੇ ਪੰਥ ਦੀ ਰਹਿਤ ਮਰਯਾਦਾ ਦੇ ਖਰੜੇ ਵਿੱਚ ਹੀ ਲਿਖ ਦਿਤਾ ਕਿ **"ਸਿਖ ਦਸਤਾਰ ਸਜਾਏ ਜਾ ਨਾ ਸਜਾਏ, ਦੋਵੇਂ ਠੀਕ ਹਨ"** । ਰਹਿਤ ਮਰਯਾਦਾ ਵਿਚ ਛੋਟ ਦਿਤੀ ਗਈ । ਮਨ-ਮਰਜ਼ੀ ਦੀ ਰਹਿਤ ਦਾ ਅਰੰਭ ਹੋ ਗਿਆ । ਆਪਣੇ ਘਰ ਆਪੇ ਸੰਨ੍ਹ ਲਵਾ ਲਈ । ਫਿਰ ਬਚਣਾ ਕੀ ਸੀ । ਜੋ ਸਿਖੀ ਦਾ ਜੋ ਹਸ਼ਰ ਹੋਇਆ, ਅਸੀਂ ਸਭ ਦੇਖ ਰਹੇ ਹਾਂ । ਇਸ ਨਾਲ ਗੁਰਸਿਖੀ ਰਹਿਤ ਰਹਿਣੀ ਤੋਂ ਸਾਡੀ ਵਿੱਥ ਪੈ ਗਈ । ਸਾਡੇ ਵਿਚ ਢਿਲਿਆਈ ਸ਼ੁਰੂ ਹੋ ਗਈ । ਨਤੀਜਾ ਇਹ ਹੋਇਆ ਕਿ ਬੀਬੀਆਂ ਨੇ ਅਨਮਤੀਆਂ ਦੀ ਕੁਰੀਸੇ ਗੁਰੂ ਦੀ ਮੋਹਰ ਦਾ ਅਦਬ ਇਕ ਪਾਸੇ ਰਖ ਦਿੱਤਾ ਅਤੇ ਇਸ ਪਾਵਨ ਮੋਹਰ ਨੂੰ ਫ਼ੈਸ਼ਨ ਦਾ ਵਸੀਲਾ ਬਣਾ ਲਿਆ ।

ਜੇ ਅੱਜ ਕਿਸੇ ਬੀਬੀ ਦਾ ਦਸਤਾਰ ਸਜਾਉਣ ਵੱਲ ਧਿਆਨ ਕਰਾਉਣ ਦੀ ਕੋਸ਼ਸ਼ ਕਰੀਏ ਤਾਂ ਤੁਰਤ ਜਵਾਬ ਮਿਲਦਾ ਹੈ ਕਿ ਦਸਤਾਰ ਆਦਮੀਆਂ ਦਾ ਪਹਿਰ ਵਾ ਹੈ, ਤੀਵੀਆਂ ਦਾ ਨਹੀਂ । ਇਸ ਵਿਚਾਰ ਨਾਲ ਬਹੁਤ ਸਾਰੇ ਮਰਦ ਭੀ ਸਹਿਮਤ ਹਨ । ਸਾਡੀ ਵਿਕਾਰ-ਦ੍ਰਿਸ਼ਟੀ ਦੀ ਤਸੱਲੀ ਲਈ, ਬੀਬੀਆਂ ਆਦਮੀਆਂ ਵਰਗੀਆਂ ਬੁਸ਼-ਸ਼ਰਟਾਂ ਪਹਿਨ ਸਕਦੀਆਂ ਹਨ, ਆਦਮੀਆਂ ਵਰਗੀਆਂ ਪੈਂਟਾਂ ਪਹਿਨ ਸਕਦੀਆਂ ਹਨ, ਆਦਮੀਆਂ ਵਰਗੇ ਪਜਾਮੇ ਪਹਿਨ ਸਕਦੀਆਂ ਹਨ ਅਤੇ ਆਦਮੀਆਂ ਵਰਗੀਆਂ ਹਜਾਮਤਾਂ ਭੀ ਕਰਵਾ ਸਕਦੀਆਂ ਹਨ । ਐਸੇ ਫ਼ੈਸ਼ਨ ਵੀ ਮਰਦਾਨਾ ਲਿਬਾਸ ਵਿਚ ਫਿਰਦੀਆਂ ਹੋਈਆਂ ਬੱਚੀਆਂ ਸਾਨੂੰ ਬ-ਖੁਸ਼ੀ ਪ੍ਰਵਾਨ ਹਨ । ਪਰ ਜੇ ਕੇਸਕੀ ਸਜਾਉਣ ਦਾ ਨਾਮ ਲਿਆ ਜਾਏ ਤਾਂ ਸਾਨੂੰ ਸਿੱਧੀ ਗੋਲ਼ੀ ਵਜਦੀ ਹੈ । ਵਜੇ ਕਿਉਂ ਨਾ ? **"ਜੇਕੋਬੋਲੈਸਚੁਕੂੜਾ ਜਲਿਜਾਵਈ"**(੬੪੬)।ਅਸੀਂ ਕੇਸਕੀ ਨਾ ਸਜਾਉਣ ਦੇ ਬਹਾਨੇ ਢੂੰਡਦੇ ਹਾਂ । ਅਤੇ ਪੁੱਛਦੇ ਹਾਂ ਕਿ ਦੱਸੋ ਇਤਿਹਾਸ ਵਿਚ ਕਿੱਥੇ ਲਿਖਿਆ ਹੈ ਕਿ ਕੇਸਕੀ ਸਜਾਓ ?

ਜੇ ਕੋਈ ਸਾਡਾ ਧਿਆਨ **"ਸਾਬਤਸੂਰਤਿ ਦਸਤਾਰਸਿਰਾ"** ਵਾਲੇ ਗੁਰਵਾਕ ਵਲ ਲੈ ਜਾਏ ਤਾਂ ਅਸੀਂ ਝੱਟ ਹੀ ਕਹਿ ਦੇਂਦੇ ਹਾਂ ਕਿ "ਇਹ ਤੁਕ ਸਤਿਗੁਰਾਂ ਨੇ ਮੁਸਲਮਾਨਾਂ ਬਾਰੇ ਉਚਰੀ ਸੀ, ਸਾਡੇ ਬਾਰੇ ਨਹੀਂ । ਇਹ ਸਾਨੂੰ ਲਾਗੂ ਨਹੀਂ ਹੈ" । ਜੇ ਇਹ ਭਾਵ ਮਨਜ਼ੂਰ ਕਰ ਲਿਆ ਜਾਏ, ਤਾਂ ਸਾਨੂੰ ਸ਼ਾਇਦ ਗੁਰਬਾਣੀ ਵਿਚ ਦਰਸਾਇਆ ਹੋਇਆ ਕੋਈ ਹੁਕਮ ਭੀ ਲਾਗੂ ਨਾ ਹੋਵੇ । ਕਿਉਂਕਿ ਗੁਰੂ ਸਾਹਿਬਾਂ ਨੇ ਪੰਡਿਤਾਂ, ਮੁਸਲਮਾਨਾਂ, ਸਿੱਧਾਂ, ਜੋਗੀਆਂ, ਸੰਨਿਆਸੀਆਂ, ਮੁੱਲਾਂ, ਮੌਲਵੀਆਂ, ਆਦਿ ਨੂੰ ਹੀ ਸੰਬੋਧਨ ਕਰ ਕੇ ਸਿਖਸ਼ਾ ਦਿੱਤੀ ਹੈ । ਐਸਾ ਸੋਚਣਾ ਕਿ ਇਹ ਹੁਕਮ ਸਾਨੂੰ ਲਾਗੂ ਨਹੀਂ, ਪਹਿਲੇ ਦਰਜੇ ਦੀ ਭ੍ਰਿਸ਼ਟ-ਖ਼ਿਆਲੀ ਹੈ । ਸੰਸਾਰ ਨੂੰ ਸਿਖਿਆ ਦੇਣ ਖ਼ਾਤਰ ਕਿਸੇ ਨਾ ਕਿਸੇ ਜੀਵ ਦੇ ਪਰਥਾਏ ਤਾਂ ਸਤਿਗੁਰਾਂ ਨੇ ਬਚਨ ਕਹਿਣਾ ਹੀ ਸੀ । ਐਸੀ ਸਿਖਿਆ ਸਾਰੇ ਸੰਸਾਰੀ ਜੀਵਾਂ ਲਈ ਸਾਂਝੀ ਹੁੰਦੀ ਹੈ । ਸ੍ਰੀ ਮੁਖਵਾਕ ਹੈ **"ਪਰਥਾਇਸਾਖੀਮਹਾਂਪੁਰਖਬੋਲਦੇ ਸਾਂਝੀਸਗਲਜਹਾਨੈ"** (੬੪੭) । ਗੁਰਬਾਣੀ ਅੰਦਰ ਦਰਸਾਏ ਸਾਰੇ ਹੁਕਮ ਅਤੇ ਸਾਰੇ ਗੁਰ-ਬਚਨ ਭਾਵੇਂ ਕਿਸੇ ਦੀ ਸੋਧ ਸੁਧਾਈ ਲਈ ਕਹੇ ਹੋਣ, ਭਾਵੇਂ ਕਿਸੇ ਮੌਕੇ ਉੱਤੇ ਕਹੇ ਹੋਣ, ਇਹ ਸਾਰੇ ਹੀ ਸਭ ਸੰਸਾਰੀਆਂ ਨੂੰ ਲਾਗੂ ਹੁੰਦੇ ਹਨ । ਇਹ ਹੁਕਮ ਸਭ ਕੌਮਾਂ ਲਈ, ਸਭ ਜਾਤਾਂ ਪਾਤਾਂ ਲਈ, ਸਭ ਮਰਦਾਂ, ਇਸਤ੍ਰੀਆਂ ਬੱਚਿਆਂ ਅਤੇ ਬੁਢਿਆਂ ਲਈ, ਤੰਦਰੁਸਤਾਂ ਅਤੇ ਬੀਮਾਰਾਂ ਨੂੰ ਇਕ-ਬਰਾਬਰ ਲਾਗੂ ਹਨ । ਜਿਵੇਂ ਫ਼ੁਰਮਾਨ ਹੈ **"ਝੂਠੁਨਬੋਲਿਪਾਡੇਸਚੁਕਹੀਐ"** (੯੦੪), ਇਹ ਗੁਰ-ਫ਼ੁਰਮਾਨ ਪੰਡਤ ਨੂੰ ਮੁਖ਼ਾਤਿਬ ਕਰ ਕੇ ਉਚਰਿਆ ਗਿਆ ਹੈ । ਪਰ ਝੂਠ-ਨਾ-ਬੋਲਣ ਅਤੇ ਸੱਚ-ਕਹਿਣ ਵਾਲਾ ਹੁਕਮ ਸਭ ਸਸਾਰੀਆਂ ਨੂੰ ਲਾਗੂ ਹੈ, ਨਾ ਕਿ ਕੇਵਲ ਪੰਡਤਾਂ ਨੂੰ ਹੀ ।

**ਮੈਪਿਛੇਕੀਰਤਨੁਕਰਿਅਹੁਨਿਰਬਾਣੁਜੀਉ**(੯੨੩)।



www.AKJ.Org

ਭਾਵੇਂ ਗੁਰੂ ਅਮਰ ਦਾਸ ਜੀ ਨੇ ਸਿਖਾਂ ਨੂੰ ਕਹਿਆ ਕਿ "ਮੇਰੇ ਪਿੱਛੋਂ ਨਿਰਬਾਣ ਕੀਰਤਨ ਕਰਿਓ।" ਇਸ ਦਾ ਭਾਵ ਇਹ ਨਹੀਂ ਕਿ ਨਿਰਬਾਣ ਕੀਰਤਨ ਕੇਵਲ ਗੁਰੂ ਅਮਰਦਾਸ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਪਿਛੋਂ ਹੀ ਕਰਨਾ ਸੀ। ਸਗੋਂ ਇਸ ਦਾ ਲਾਗੂ ਹੋਣਾ ਸਾਰ ਸਿਖਾਂ ਦੇ ਚਲਾਣੇ ਨਾਲ ਸਬੰਧਤ ਹੈ। ਹਰ ਪ੍ਰਾਣੀ (ਮਰਦ, ਇਸਤ੍ਰੀ, ਬੱਚੇ ਅਤੇ ਬੁੱਢੇ) ਦੇ ਚਲਾਣੇ ਪਿਛੋਂ ਦਰਸਾਈ ਤੁਕ ਰਾਹੀਂ ਨਿਰਬਾਣ ਕੀਰਤਨ ਕਰਨ ਦਾ ਹੁਕਮ ਹੈ। ਸਤਿਗੁਰਾਂ ਨੂੰ ਐਸਾ ਹੀ ਭਾਉਂਦਾ ਹੈ। ਸਤਿਗੁਰਾਂ ਦੀ ਖ਼ੁਸ਼ੀ ਪ੍ਰਾਪਤ ਕਰਨ ਦੀ ਖ਼ਾਤਰ ਸਾਨੂੰ ਐਸਾ ਹੀ ਕਰਨਾ ਚਾਹੀਦਾ ਹੈ।

ਜੇ ਗੁਰੂ ਨਾਨਕ ਸਾਹਿਬ ਨੇ ਪੰਜਾ ਸਾਹਿਬ ਵਾਲੀ ਸਾਖੀ ਰਚ ਕੇ ਵਲੀ ਕੰਧਾਰੀ ਦਾ ਅਹੰਕਾਰ ਅਤੇ ਕ੍ਰੋਧ ਨਵਿਰਤ ਕੀਤਾ ਸੀ ਤਾਂ ਇਸ ਦਾ ਭਾਵ ਇਹ ਨਹੀਂ ਕਿ ਵਲੀ ਕੰਧਾਰੀ ਤੋਂ ਬਿਨਾਂ ਜਾਂ ਮੁਸਲਮਾਨਾਂ ਤੋਂ ਬਿਨਾਂ (ਵਲੀ ਕੰਧਾਰੀ ਮੁਸਲਮਾਨ ਪੀਰ ਸੀ) ਬਾਕੀ ਦੇ ਸਾਰੇ ਸੰਸਾਰੀ ਅਹੰਕਾਰ ਦੀ ਟੀਸੀ ਉੱਤੇ ਚੜ੍ਹੇ ਫਿਰਨ ਅਤੇ ਰੱਜ ਰੱਜ ਕੇ ਕ੍ਰੋਧ ਕਰਨ। ਇਹ ਉਪਦੇਸ਼ ਸਾਰੇ ਜਹਾਨ ਦੇ ਮਰਦਾਂ ਇਸਤ੍ਰੀਆਂ ਲਈ ਸਾਂਝਾ ਹੈ। ਏਸੇ ਪ੍ਰਕਾਰ ਹੀ "**ਸਾਬਤਸੂਰਤਿਦਸਤਾਰਸਿਰਾ**" ਵਾਲਾ ਹੁਕਮ ਕੇਵਲ ਮੁਸਲਮਾਨਾਂ ਨੂੰ ਹੀ ਲਾਗੂ ਨਹੀਂ ਸਗੋਂ ਹਰ ਔਰਤ, ਮਰਦ, ਬੱਚੇ ਅਤੇ ਬੁੱਢੇ ਨੂੰ ਲਾਗੂ ਹੈ। ਗੁਰਬਾਣੀ ਵਿਚ ਆਏ ਹੁਕਮ ਸਭ ਨੂੰ ਬਰਾਬਰ ਲਾਗੂ ਹਨ। ਗੁਰਬਾਣੀ ਵਿਚ ਕਥੀ ਹੋਈ ਸਚਿਆਈ ਉੱਤੇ ਹਰ ਸਿਖ ਦਾ ਵਿਸ਼ਵਾਸ ਹੋਣਾ ਚਾਹੀਦਾ ਹੈ। ਜੇ ਨਹੀਂ, ਤਾਂ ਉਹ ਸਿਖ ਹੀ ਨਹੀਂ। ਸਾਨੂੰ ਯਕੀਨ ਦਿਵਾਉਣ ਲਈ ਫ਼ੁਰਮਾ ਰਹੇ ਹਨ "**ਸਚਕੀਬਾਨੀ ਨਾਨਕੁਆਖੈ**......(੭੨੩) ....**ਸਤਿਗੁਰਕੀਬਾਣੀ ਸਤਿਸਤਿਕਰਿਜਾਣਹੁਗੁਰਸਿਖਹੁ** . ......(੩੦੮) ਤਾਂ ਤੇ ਸਾਨੂੰ ਜ਼ਰੂਰ ਹੀ ਗੁਰਬਾਣੀ ਉੱਤੇ ਪੂਰਨ ਵਿਸ਼ਵਾਸ ਕਰਨਾ ਚਾਹੀਦਾ ਹੈ।

"**ਸਾਬਤਸੂਰਤਿਦਸਤਾਰਸਿਰਾ**" ਹੁਕਮ ਰਾਹੀਂ ਸਤਿਗੁਰੂ ਸਾਨੂੰ ਕਹਿ ਰਹੇ ਹਨ ਕਿ "ਹੇ ਸਿਖੋ, ਆਪਣੀ, ਸੂਰਤਿ ਨੂੰ ਸਾਬਤ ਰੱਖੋ—ਨੱਕ ਕੰਨ ਨ ਵਿਨ੍ਹਾਓ। ਸੁੰਨਤ ਨਾ ਕਰੋ, ਮੁੰਨਤ ਨਾ ਕਰੋ। ਕੇਸਾਂ ਸਮੇਤ ਸੂਰਤ ਨੂੰ ਸਾਬਤ ਰੱਖੋ, ਅਤੇ ਇਸ ਸਾਬਤ ਸੂਰਤਿ ਵਾਲੇ ਸਰੀਰ ਦੇ ਸਿਰ ਉਤੇ ਦਸਤਾਰ ਸਜਾਕੇ, ਗੁਰੂ ਦੀ ਭੈ-ਭਾਵਨੀ ਅਤੇ ਪ੍ਰੇਮ ਸਹਿਤ ਸੰਭਾਲ ਕਰੋ। ਇਸ ਪ੍ਰਕਾਰ ਸਤਿਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ।"

ਅਸੀਂ ਤਾਹੀਓਂ ਹੀ ਸਿਖ ਕਹਿਲਾਉਣ ਦੇ ਹੱਕਦਾਰ ਹਾਂ, ਜੇ ਅਸੀਂ ਸਤਿਗੁਰਾਂ ਦੇ ਹੁਕਮ ਨੂੰ ਸਿਰ ਮੱਥੇ ਤੇ ਮੰਨੀਏ, ਆਪਣੀ ਮਨ-ਮਰਜ਼ੀ ਦਾ ਭਾਣਾ ਛੋੜ ਕੇ ਗੁਰੂ ਦੇ ਭਾਣੇ ਵਿਚ ਹੋ ਤੁਰੀਏ। ਇਹ ਗੱਲ ਗਰੀਬ-ਨਿਵਾਜ ਖ਼ੁਦ ਫ਼ੁਰਮਾ ਰਹੇ ਹਨ "**ਸੋਸਿਖੁਸਖਾ ਬੰਧਪੁਹੈਭਾਈਜਿਗੁਰਕੇਭਾਣੇਵਿਚਿਆਵੈ**" । ਜੇ ਅਸੀਂ ਆਪਣੀ ਮਨ ਮਰਜ਼ੀ ਹੀ ਕਰਦੇ ਰਹੇ ਤਾਂ "**ਆਪਣੈਭਾਣੈਜੋਚਲੈਭਾਈਵਿਛੁੜਿਚੋਟਾਖਾਵੈ**" ॥ (੬੦੧), ਆਪਣੇ ਭਾਣੈ ਵਿਚ ਚੱਲਣ ਦਾ ਨਤੀਜਾ ਬੜਾ ਭਿਅੰਕਰ ਹੈ। ਜੇ ਅਸੀਂ ਦੂਸਰਿਆਂ ਦਾ ਮੱਥਾ ਡੰਮ੍ਹਣ ਲਈ ਥੋੜੀ ਬਹੁਤ ਧਾਰਮਕ ਰਹਿਤ ਮਰਯਾਦਾ ਰੱਖੀ ਹੀ ਫਿਰੀਏ, ਅਤੇ ਮਨ-ਆਈਆਂ ਭੀ ਨਾ ਛੱਡੀਏ ਤਾਂ ਗੱਲ ਨਹੀਂ ਬਣਨੀ ਅਤੇ ਸਾਡਾ ਇਸ ਪ੍ਰਕਾਰ ਵਾਲਾ ਅਧੂਰਾ ਠੀਹੇ-ਠੱਪੇ ਵਾਲਾ ਧਾਰਮਕ ਸ਼ਿੰਗਾਰ ਬਿਰਥਾ ਹੀ ਜਾਏਗਾ। ਯਥਾ ਗੁਰਵਾਕ—

**ਕਹੈਪ੍ਰਭੁਅਵਰੁਅਵਰੁਕਿਛੁਕੀਜੈਸਭੁਬਾਦਿ ਸੀਗਾਰਫੋਕਟਫੋਕਟਈਆ** (੮੩੬)। ਤਾਂ ਤੇ ਸਾਡਾ ਬਚਾਉ ਗੁਰੂ ਨੂੰ ਭਾਉਂਦਾ ਸ਼ਿੰਗਾਰ ਕਰਨ ਵਿਚ ਹੀ ਹੈ। ਆਪਣੀ ਸੂਰਤਿ ਭੀ (ਕੇਸਾਂ ਸਮੇਤ) ਸਾਬਤ ਰਖੀਏ ਅਤੇ ਸੀਸ ਉੱਤੇ ਦਸਤਾਰ ਭੀ ਸਜਾਈਏ। ਇਸ ਹੁਕਮ ਤੋਂ ਇਹ ਗੱਲ ਪੱਕੀ ਦ੍ਰਿੜ੍ਹ ਹੋ ਗਈ ਹੈ ਕਿ ਕੇਸਾਂ ਅਤੇ ਦਸਤਾਰ ਦਾ ਧੁਰ-ਧੁਰੰਦਰੀ ਰੱਬ ਦੀ ਖ਼ੁਸ਼ੀ ਅੰਦਰ ਜੋੜ ਹੈ। ਕੇਸਾਂ ਤੋਂ ਬਿਨਾਂ ਸੂਰਤਿ ਸਾਬਤ ਨਹੀਂ ਹੋ ਸਕਦੀ (ਸੁੰਨਤ ਕੀਤੀ ਹੋਈ ਨਾਲ ਭੀ ਮੁਸਲਮਾਨ ਅੰਮ੍ਰਿਤ ਛਕ ਕੇ ਗੁਰਸਿਖ ਸਜ ਸਕਦਾ ਹੈ,ਪਰ ਕੇਸਾਂ ਤੋਂ ਹੀਣ ਰਹੀ ਜਾਣ ਨਹੀਂ),ਇਸ ਲਈ ਸਾਬਤ ਸੂਰਤਿ ਦਾ ਇਸ਼ਾਰਾ ਲੰਮਿਆਂ ਵਾਲਾ ਵੱਲ ਹੈ, ਸਾਬਤ ਕੇਸਾਂ ਵੱਲ ਹੈ। ਵਾਹਿਗੁਰੂ !

ਕੇਸਨ ਨਰ ਧਾਰੇ ਹੈ ਜਬ ਹੀ।


www.AKJ.Org

ਪੂਰਨ ਰੂਪ ਹੋਇ ਹੈ ਤਬ ਹੀ।

[ਰਹਿਤਨਾਮਾ ਭਾਈ ਦੇਸਾ ਸਿੰਘ

ਕੇਸਾਂ ਤੋਂ ਬਿਨਾਂ ਸੂਰਤਿ ਸਾਬਤ ਨਹੀਂ ਹੋ ਸਕਦੀ, ਅਤੇ ਦਸਤਾਰ ਤੋਂ ਬਿਨਾਂ ਕੇਸ ਸੰਭਾਲੇ ਨਹੀਂ ਜਾ ਸਕਦੇ। ਸਤਿਗੁਰ ਸਚੇ ਪਾਤਿਸ਼ਾਹ ਰੱਬੀ ਦਰਗਾਹ ਦਾ ਇਕ ਹੋਰ ਭੇਦ ਸਾਨੂੰ ਦਸਦੇ ਹਨ ਕਿ "**ਸੋਹਣੇ ਨਕਜਿਨਲੰਮੜੇਵਾਲਾ**"(੫੬੭)। ਸੋਹਣੇ ਨੱਕ ਦਾ ਭਾਵ ਹੈ ਪਤਿ, ਆਬਰੂ, ਇੱਜ਼ਤ, ਜਿਹੜੀ ਹਰਿ ਦਰਗਹ ਮਿਲਦੀ ਹੈ। "ਜਿਨਲੰਮੜੇਵਾਲਾ" ਦਾ ਭਾਵ ਹੈ ਜਿਨ੍ਹਾਂ ਦੇ ਸੀਸ ਉੱਤੇ ਸਾਬਤ ਕੇਸ ਹਨ (ਅਤੇ ਗੁਰਦੀਖਿਅਤ ਹਨ)। ਸਮੁੱਚਾ ਭਾਵ ਇਹ ਹੈ ਕਿ ਜਿਨ੍ਹਾਂ ਦੇ ਸੀਸ ਉੱਤੇ ਸਾਬਤ ਕੇਸ ਹਨ ਉਨ੍ਹਾਂ ਨੂੰ ਰੱਬ ਦੀ ਦਰਗਾਹ ਵਿਚ ਮਾਣੁ ਪ੍ਰਾਪਤ ਹੁੰਦਾ ਹੈ। ਤਾਂਤੇ ਸਾਬਤ ਕੇਸ (ਗੁਰ ਦੀਖਿਅਤ ਹੋ ਕੇ) ਜਿਹੜੇ ਰੱਬ ਦੀ ਦਰਗਾਹ ਵਿਚ ਸਾਡੇ ਲਈ ਮਾਣ ਅਤੇ ਪਤਿ ਪ੍ਰਾਪਤ ਕਰਨ ਦਾ ਵਸੀਲਾ ਬਣਨਹਾਰੇ ਹਨ, ਸਾਨੂੰ ਸਤਿਕਾਰ ਸਹਿਤ ਦਸਤਾਰ ਸਜਾ ਕੇ ਸੰਭਾਲਣੇ ਚਾਹੀਦੇ ਹਨ। ਇਨ੍ਹਾਂ ਨੂੰ ਬੇ-ਸੰਭਾਲੇ ਰੁਲਣ ਨਹੀਂ ਦੇਣਾ ਚਾਹੀਦਾ। ਜੇ ਅਸੀਂ ਇਨ੍ਹਾਂ ਨੂੰ ਰੋਲਿਆ ਤਾਂ ਇਹ ਸਾਨੂੰ ਰੋਲਣਗੇ।

ਪਿੰਡਾਂ ਵਿਚ ਅੱਜ ਤੋਂ ਕੋਈ ਚਾਲੀ ਕੁ ਸਾਲ ਪਹਿਲੋਂ ਤਕ ਤਕਰੀਬਨ ੯੦ ਫ਼ੀ ਸਦੀ ਹਿੰਦੂ ਅਤੇ ਮੁਸਲਮਾਨ ਮਰਦ ਸਿਰਾਂ ਉਤੇ ਪੱਗਾਂ ਬੰਨ੍ਹਿਆ ਕਰਦੇ ਸਨ। ਨੰਗਾ ਸਿਰ ਰੱਖਣ ਦਾ ਜਾਂ ਟੋਪੀ ਪਹਿਨਣ ਦਾ ਰਿਵਾਜ ਚੱਲੇ ਨੂੰ ਥੋੜੀ ਦੇਰ ਹੀ ਹੋਈ ਹੈ। ਗੁਰੂ ਸਾਹਿਬਾਂ ਦੇ ਵੇਲੇ ਤਾਂ ਤਕਰੀਬਨ ਸਾਰੇ ਦੇ ਸਾਰੇ ਹੀ ਮਰਦ ਦਸਤਾਰਾਂ ਪਹਿਨਦੇ ਹੋਣਗੇ। ਜੇ ਇਹੋ ਜਿਹੇ ਸਮੇਂ ਵਿਚ, ਜਦੋਂ ਕਿ ਹਰ ਪਾਸੇ ਮਰਦਾਂ ਦੇ ਸਿਰਾਂ ਉੱਤੇ ਦਸਤਾਰਾਂ ਹੀ ਦਸਤਾਰਾਂ ਨਜ਼ਰ ਆਉਂਦੀਆਂ ਹੋਣ ਅਤੇ ਗੁਰੂ ਸਾਹਿਬਾਂ ਨੇ ਸਾਬਤ ਸੂਰਤਿ ਦੇ ਸੀਸ ਨੂੰ ਦਸਤਾਰ ਨਾਲ ਸਸ਼ੋਭਤ ਕਰਨ ਦਾ ਹੁਕਮ ਦਿੱਤਾ ਹੋਵੇ ਤਾਂ ਸਾਨੂੰ ਮੰਨਣਾ ਪਵੇਗਾ ਕਿ ਰੱਬੀ ਰਜ਼ਾ ਵਿਚ ਗੁਰ ਦੀਖਿਅਤ ਸਾਬਤ ਸੂਰਤਾਂ ਦੇ ਸੀਸ ਉਤੇ ਦਸਤਾਰ ਸਜਾਉਣ ਦਾ ਹੁਕਮ ਦੇ ਕੇ, ਇਸਤ੍ਰੀਆਂ ਨੂੰ ਭੀ ਇਸ ਦਸਤਾਰੀ ਸ਼੍ਰੇਣੀ ਵਿਚ ਸ਼ਾਮਲ ਕਰ ਲਿਆ ਹੈ। ਮਰਦ ਤਾਂ ਸਾਰੇ ਵੈਸੇ ਹੀ ਦਸਤਾਰਾਂ ਬੰਨ੍ਹਦੇ ਸਨ। ਉਨ੍ਹਾਂ ਨੂੰ ਦਸਤਾਰ ਬੰਨ੍ਹਣ ਲਈ ਹੋਰ ਕਹਿਣ ਦੀ ਕੀ ਲੋੜ ਸੀ ? ਇਹ ਹੁਕਮ ਗੁਰ-ਦੀਖਿਅਤ ਬੀਬੀਆਂ ਨੂੰ ਦਸਤਾਰੀ ਸ਼੍ਰੇਣੀ ਵਿਚ ਸ਼ਾਮਲ ਕਰਨ ਲਈ ਰੱਬੋਂ ਜਾਰੀ ਹੋਇਆ ਹੈ ਅਤੇ ਮਰਦਾਂ ਲਈ ਦੁਹਰਾਇਆ ਗਿਆ ਹੈ—ਦੋਹਾਂ ਲਈ ਸਾਂਝਾ ਹੈ।

ਅੰਮ੍ਰਿਤਧਾਰੀ ਸਿੰਘ ਸਿੰਘਣੀਆਂ ਲਈ ਹੋਰ ਕਿਹੜੇ ਸਬੂਤ ਦੀ ਲੋੜ ਬਾਕੀ ਰਹਿ ਗਈ ਹੈ ਜਿਸ ਦੀ ਕਿ ਅਸੀਂ ਇਤਿਹਾਸ ਵਿਚ ਲੱਭਣ ਦੀ ਕੋਸ਼ਸ਼ ਕਰ ਰਹੇ ਹਾਂ ? ਜੇ ਸਾਨੂੰ ਗੁਰਬਾਣੀ ਵਿਚ ਦਰਸਾਏ ਉਪਦੇਸ਼ਾਂ ਉੱਤੇ ਵਿਸ਼ਵਾਸ ਨਹੀਂ ਤਾਂ ਇਤਿਹਾਸ ਕਿਸ ਦਾ ਪਾਣੀਹਾਰ ਹੈ ? ਬਾਣੀ ਤਾਂ ਪੂਰੇ ਗੁਰੂ ਨੇ ਆਪਣੀ ਨਿਗਰਾਨੀ ਹੇਠ ਲਿਖਵਾਈ ਹੈ, ਅਤੇ ਇਤਿਹਾਸ ਅਲਪੱਗ ਜੀਵਾਂ ਨੇ ਲਿਖਿਆ ਹੈ। ਗੁਰੂ ਸਾਹਿਬਾਂ ਨੇ ਸਿੱਖਾਂ ਪ੍ਰਤੀ ਹੁਕਮ ਦਿੱਤਾ ਹੈ ਕਿ ਦਿਹਾੜੀ ਵਿਚ ਦੋ ਦਫ਼ਾ ਕੰਘਾ ਕਰੋ ਅਤੇ ਚੁਣ ਕੇ ਪੱਗ ਬੰਨ੍ਹੋ।

ਮਰਦ ਅਤੇ ਇਸਤ੍ਰੀਆਂ, ਲਿੰਗ ਭੇਦ ਕਰਕੇ ਸਾਨੂੰ ਦੋ ਸ਼੍ਰੇਣੀਆਂ ਵਿਚ ਵੰਡੇ ਨਜ਼ਰ ਆਉਂਦੇ ਹਨ। ਇਹ ਫ਼ਰਕ ਕੇਵਲ ਸੰਸਾਰੀ ਰਚਨਾ ਜਾਰੀ ਰੱਖਣ ਲਈ ਰੱਬ ਨੇ ਬਣਾਇਆ ਹੈ। ਅਸਲ ਵਿਚ ਅਸੀਂ ਸਾਰੀਆਂ ਹੀ ਇਕੋ ਸ਼੍ਰੇਣੀ ਦੀਆਂ, ਇੱਕੋ ਕੰਤ ਦੀਆਂ ਸਖੀਆਂ ਹਾਂ— "**ਏਕੋਪ੍ਰਿਉਸਖੀਆਂਸਭਪ੍ਰਿਅਕੀਜੋਭਾਵੈਪਿਰ ਸਾਭਲੀ**।"(੫੦੭)। ਸਾਰੀਆਂ ਹੀ ਉਸ ਕੰਤ ਨੂੰ ਮਿਲਣ ਦੀਆਂ ਚਾਹਵਾਨ ਹਾਂ, ਤਾਹੀਓਂ ਹੀ ਸਤਿਗੁਰੂ ਜੀ ਨੇ ਸਭ ਸਖੀਆਂ ਲਈ ਇਕੋ ਹੀ ਰਹਿਤ ਮਰਯਾਦਾ ਦਾ ਹੁਕਮ ਦਿੱਤਾ ਹੈ—**ਸਾਬਤਸੂਰਤਿ ਦਸਤਾਰਸਿਰਾ**। ਇਹ ਹੁਕਮ ਸਭ ਸਖੀਆਂ ਨੂੰ ਇਕੋ ਜਿਹਾ ਲਾਗੂ ਹੈ। ਫ਼ਰਕ ਫ਼ਰਕ ਰਹਿਤ ਕਿਸ ਵਾਸਤੇ ? ਸਾਡੇ ਕੰਤ ਨੂੰ ਸਭ ਸਖੀਆਂ ਦਾ ਇੱਕੋ ਜਿਹਾ ਹੀ ਰਹਤ-ਮਰਯਾਦਵੀ-ਬਾਣਾ ਭਾਉਂਦਾ ਹੈ ਅਤੇ ਅਸਾਂ ਸਖੀਆਂ ਲਈ ਹੁਕਮ ਹੈ ਕਿ "**ਹਰਿਭਾਵੈ ਤਿਤੁਰਾਹਿਚਲੀ**"। ਹੋਰ ਹੁਣ ਸਾਨੂੰ ਕਿਸ ਗੱਲ ਦੀ ਇੰਤਜ਼ਾਰ ਹੈ। ਇਕੋ ਸ਼੍ਰੇਣੀ ਲਈ ਦੋ ਰਹਿਤਾਂ ਨਹੀਂ



www.AKJ.Org

ਹੋ ਸਕਦੀਆਂ।

ਦਸਤਾਰ ਤੋਂ ਬਿਨਾਂ ਗੁਰੂ ਕੀ ਮੋਹਰ ਦੀ ਸੰਭਾਲ ਨਹੀਂ ਹੋ ਸਕਦੀ। ਨੰਗੇ ਸਿਰ ਘੱਟਾ, ਮਿੱਟੀ, ਧੂੰਆਂ ਅਤੇ ਹੋਰ ਭਸ-ਖੇਹ ਪੈਂਦੀ ਹੀ ਰਹੇਗੀ। ਜੂਠੇ ਮਿਠੇ ਹੱਥ ਭੀ ਲਗਦੇ ਰਹਿਣਗੇ। ਇਹ ਗੁਰੂ ਕੀ ਮੋਹਰ ਦੀ ਬੇਅਦਬੀ ਹੈ। ਗੁਰੂ ਨੂੰ ਆਪਣੀ ਮੋਹਰ ਦੀ ਬੇ-ਅਦਬੀ ਨਹੀਂ ਭਾਉਂਦੀ। ਤਾਹੀਓਂ ਹੀ ਉਨ੍ਹਾਂ ਨੇ ਆਪਣੀ ਮੋਹਰ ਦੀ ਸੰਭਾਲ ਵਾਸਤੇ ਖ਼ਾਸ ਨਸੀਹਤ ਕੀਤੀ ਹੈ ਅਤੇ ਦੋ ਸੇਵਾਦਾਰ ਇਸ ਮੋਹਰ ਦੀ ਦੇਖ ਭਾਲ ਲਈ ਮੁਕੱਰਰ ਕਰ ਦਿੱਤੇ ਹਨ—ਕੰਘਾ ਅਤੇ ਦਸਤਾਰ। ਬਾਕੀ ਕਕਾਰਾਂ ਦੀ ਸੰਭਾਲ ਵਾਸਤੇ ਕੁਝ ਨਹੀਂ ਕਿਹਾ। ਉਨ੍ਹਾਂ ਬਾਰੇ ਕੇਵਲ ਪਹਿਰਨ ਦਾ ਹੀ ਹੁਕਮ ਦਿੱਤਾ ਹੈ। ਕੰਘਾ ਅਤੇ ਦਸਤਾਰ ਤੋਂ ਬਿਨਾਂ ਗੁਰੂ ਕੀ ਮੋਹਰ ਦੀ ਸੰਭਾਲ ਹੀ ਨਹੀਂ ਹੋ ਸਕਦੀ।

ਜੇ ਕੋਈ ਭੀ ਸਖੀ ਅੰਮ੍ਰਿਤ ਪਾਨ ਕਰਨ ਪਿੱਛੋਂ ਨੰਗੇ ਸਿਰ ਪਈ ਫਿਰੇ ਤਾਂ ਸਮਝ ਲਉ ਕਿ ਉਹ ਸਤਿਗੁਰਾਂ ਦੇ ਬਚਨ (ਹੁਕਮ) ਤੋਂ ਮੂੰਹ ਫੇਰ ਗਈ ਹੈ ਅਤੇ ਮਨ ਦੀ ਮਰਜ਼ੀ ਦੇ ਪਿੱਛੇ ਲਗ ਤੁਰੀ ਹੈ। ਇਸ ਦਾ ਨਤੀਜਾ ਕੀ ਹੋਵੇਗਾ—

**ਸਤਿਗੁਰਤੇਜੋਮੁਹੁਫੇਰੇਓਇਭ੍ਰਮਦੇਨਾਟਿਕੰਨਿ॥ ਧਰਤਿਅਸਮਾਨੁਨਝਲਦੀਵਿਚਿਵਿਸਟਾਪਏਪਚੰਨਿ ॥**

[ਗਉੜੀ ਬੈਰਾਗਣਿ ਮ: ੩ ਪੰਨਾ ੨੩੩

ਇਸ ਵਿਚ ਤਾਂ ਕੋਈ ਸ਼ੰਕਾ ਨਹੀਂ ਰਹਿਆ ਕਿ ਅੰਮ੍ਰਿਤਧਾਰੀ ਪ੍ਰਾਣੀਆਂ ਲਈ ਦਸਤਾਰ ਦਾ ਸਜਾਉਣਾ ਅਤਿ ਜ਼ਰੂਰੀ ਹੈ। ਦਸਤਾਰ-ਸਜੀਲੀ ਪੱਕੀ ਰਹਿਤ-ਮਰਯਾਦਾ ਤਾਂ ਹੀ ਪੂਰੀ ਤਰ੍ਹਾਂ ਨਿਭ ਸਕਦੀ ਹੈ ਜੇ ਦਸਤਾਰ ਨੂੰ ਕੇਸਕੀ ਦੇ ਨਾਮ ਨਾਲ ਪੰਜਵਾਂ ਕਕਾਰ ਪ੍ਰਵਾਨ ਕਰ ਲਿਆ ਜਾਏ। ਕੇਸ ਤਾਂ ਗੁਰੂ ਦੀ ਮੋਹਰ ਹੈ ਹੀ। ਕੇਸਾਂ ਦੀ ਭੈ-ਭਾਵਨੀ ਵਾਲੀ ਗੁਰ-ਦਰਸਾਈ ਸੰਭਾਲ ਦੀ ਲੋੜ ਹੈ। ਕੇਸਾਂ ਨੂੰ ਗੁਰੂ ਕੀ ਮੋਹਰ ਹੀ ਸਮਝੀਏ, ਕਕਾਰ ਨਾ ਸਮਝੀਏ। ਕਕਾਰ ਸਮਝੀਏ ਕੇਸਕੀ (ਦਸਤਾਰ) ਨੂੰ, ਜਿਸ ਨੇ ਮੋਹਰ ਦੀ ਅਦਬ-ਭਰੀ ਸੰਭਾਲ ਕਰਨੀ ਹੈ। ਕੇਸਕੀ ਤੋਂ ਬਿਨਾਂ ਮੋਹਰ ਰੁਲ ਜਾਏਗੀ ਅਤੇ ਮੋਹਰ ਵਾਲੇ ਦੀਆਂ ਖ਼ੁਸ਼ੀਆਂ ਪ੍ਰਾਪਤ ਨਹੀਂ ਹੋਣਗੀਆਂ।

ਜਿਵੇਂ ਸੰਸਾਰੀ ਦਫ਼ਤਰਾਂ ਵਿਚ ਸਰਕਾਰੀ ਮੋਹਰ ਨੂੰ ਰਸਾਈ ਹੈ ਤਿਵੇਂ ਹੀ ਰੱਬੀ ਦਰਗਾਹ ਵਿਚ ਗੁਰੂ ਕੀ ਮੋਹਰ ਨੂੰ ਪ੍ਰਵਾਨਗੀ ਹੈ। ਇਹ ਧੁਰ ਕੀ ਛਾਪ ਹੈ। ਤਾਂ ਤੇ ਕੇਸਾਂ ਨੂੰ ਕਕਾਰਾਂ ਦੀ ਸ਼੍ਰੇਣੀ ਤੋਂ ਇਕ ਵਿਲੱਖਣ ਦਰਜੇ ਉੱਤੇ ਪਰਵਾਨਿਆ ਜਾਣਾ ਚਾਹੀਦਾ ਹੈ। ਅਤੇ ਕੇਸਕੀ ਨੂੰ ਜੋ ਇਸ ਇਲਾਹੀ ਮੋਹਰ ਦੀ ਸੰਭਾਲ ਕਰਦੀ ਹੈ, ਪੰਜਵਾਂ ਕਕਾਰ ਗਰਦਾਨਿਆ ਜਾਣਾ ਲਾਜ਼ਮੀ ਹੈ। ਪੁਰਾਤਨ ਮਰਯਾਦਾ ਭੀ ਐਸੀ ਹੀ ਪ੍ਰਤੀਤ ਹੁੰਦੀ ਹੈ।

ਅੰਮ੍ਰਿਤ ਛਕਣ ਸਮੇਂ ਜਦ ਆਪਣਾ ਸੀਸ ਹੀ ਗੁਰੂ ਨੂੰ ਭੇਟ ਕਰ ਦਿੱਤਾ ਤਾਂ ਗੁਰੂ ਦੀ ਜੋ ਮਰਜ਼ੀ ਹੈ, ਇਸ ਸੀਸ ਨੂੰ ਕਰੇ। ਸਾਨੂੰ ਇਸ ਬਾਰੇ ਕੋਈ ਉਜ਼ਰ ਕਿਉਂ ਹੋਏ ? ਜਦ ਸੀਸ ਹੀ ਆਪਣਾ ਨਹੀਂ, ਗੁਰੂ ਕਾ ਹੈ, ਤਾਂ ਗੁਰੂ-ਆਸ਼ੇ ਅਨੁਸਾਰ ਇਸ ਸੀਸ ਉੱਤੇ ਕੇਸਕੀ ਸਜਾਉਣ ਦੀ ਸਾਨੂੰ ਕਾਹਦੀ ਹਿਚਕਚਾਹਟ ਹੈ ? ਜੇ ਹਿਚਕਚਾਹਟ ਹੈ ਤਾਂ ਪੱਥਰ ਉੱਤੇ ਲੀਕ ਸਮਝੋ ਕਿ ਅਸੀਂ ਅੰਮ੍ਰਿਤ ਛਕਣ ਵੇਲੇ ਗੁਰੂ ਨੂੰ ਆਪਣਾ ਸੀਸ ਨਹੀਂ ਭੇਟ ਕੀਤਾ। ਉਸ ਵੇਲੇ ਸੀਸ ਭੇਂਟ ਕਰਨ ਦਾ ਝੂਠ ਬੋਲਿਆ ਹੈ। ਵਾਧ ਘਾਟ ਵੱਲੋਂ ਸੰਗਤ ਪਾਸੋਂ ਖਿਮਾ ਦਾ ਜਾਚਕ ਹਾਂ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹ।

# ਇਲਾਕਾ ਕਰਤਾਰਪੁਰ ਦੇ ਪਿੰਡਾਂ ਵਿੱਚ ਕੀਰਤਨ ਸਮਾਗਮ

ਉਪਰੋਕਤ ਇਲਾਕੇ ਦੇ ਅਖੰਡ ਕੀਰਤਨੀ ਜਥਿਆਂ ਵਲੋਂ ੪ ਸਤੰਬਰ ਤੋਂ ੨੭ ਸਤੰਬਰ ਤਕ ਕ੍ਰਮਵਾਰ ਹੇਠ ਲਿਖੇ ਪਿੰਡਾਂ ਵਿਚ ਰੋਜ਼ਾਨਾ ਸ਼ਾਮ ਦੇ ਅਠ ਵਜੇ ਤੋਂ ਸਾਢੇ ਦਸ ਵਜੇ ਤਕ ਕੀਰਤਨ ਪ੍ਰੋਗਰਾਮ ਹੋ ਰਹੇ ਹਨ, ਸੰਗਤਾਂ ਹਾਜ਼ਰੀਆਂ ਭਰ ਕੇ ਲਾਭ ਉਠਾਉਣ - ਗੁਰਦਆਰਾ ਮਾਤਾ ਗੁਜਰੀ ਜੀ ਕਰਤਾਰਪੁਰ, ਭਾਈ ਕੁਲਦੀਪ ਸਿੰਘ ਮਹੱਲਾ ਖ਼ਲੀਫ਼ਾ ਕਰਤਾਰਪੁਰ, ਗੁਰਦੁਆਰਾ ਬਾਬਾ ਨਿਧਾਨ ਸਿੰਘ ਰੇਲਵੇ ਸਟੇਸ਼ਨ ਕਰਤਾਰਪੁਰ, ਗੁ: ਪਾਤਸ਼ਾਹੀ ਛੇਵੀਂ ਟਾਹਲੀ ਸਾਹਿਬ, ਕੋਟ, ਪਤੜ ਕਲਾਂ, ਬਿਸਰਾਮਪੁਰ, ਖੁਸਰੋਪੁਰ, ਥੰਮ੍ਹ ਸਾਹਿਬ ਕਰਤਾਰਪੁਰ, ਕਾਲਮਾ, ਸਰਾਵਾਂ, ਬਿਧੀਪੁਰ, ਅੰਬਗੜ੍ਹ, ਮੰਡਾਂ, ਮੰਨਣਾਂ, ਰਾਏਪੁਰ, ਬਲਾਂ, ਚੀਮਾਂ, ਗੁ: ਅਕਾਲਗੜ੍ਹ ਕਰਤਾਰਪੁਰ, ਦਿਆਲਪੁਰ, ਧੀਰਪੁਰ, ਕੁਦੋਵਾਲ, ਮਨਾਰ, ਤੇ ਹਮੀਰਾ।



www.AKJ.Org

# ਅਫ਼ਗਾਨਿਸਤਾਨ ਵਿਚ ਗੁਰਸਿੱਖੀ

[ਵਲੋਂ:—ਗਿਆਨੀ ਬਲਦੇਵ ਸਿੰਘ ਜੀ, ਕਾਨਪੁਰ]

ਗਿ: ਬਲਦੇਵ ਸਿੰਘ ਜੀ ਮਈ ੧੯੭੫ ਵਿਚ ਅਫ਼ਗਾਨਿਸਤਾਨ ਵਿਚ ਆਪਣੇ ਕਿਸੇ ਨਿਜੀ ਕੰਮ ਲਈ ਗਏ। ਉਥੋਂ ਦੇ ਗੁਰਦੁਆਰਿਆਂ, ਗੁਰਸਿਖਾਂ, ਤੇ ਗੁਰਸਿਖੀ ਸਿਦਕ ਨੂੰ ਵੇਖ ਕੇ ਡਾਢੇ ਪ੍ਰਭਾਵਤ ਹੋਏ। ਅਤੇ ਇਹ ਲੇਖ ਅਖ਼ਬਾਰਾਂ ਵਿਚ ਭੇਜਿਆ। ਉਥੋਂ ਦੇ ਗੁਰਸਿਖਾਂ ਦਾ ਸ੍ਰੀ ਗੁਰੂ ਗ੍ਰੰਥ ਜੀ ਦੇ ਸਤਿਕਾਰ ਦਾ ਧੁਰਾ ਬਹੁਤ ਉੱਚਾ ਹੈ। ਦੁਨੀਆ ਭਰ ਦੇ ਗੁਰਸਿਖਾਂ ਨੂੰ ਉਨ੍ਹਾਂ ਵਲੋਂ ਸਤਿਗੁਰੂ ਜੀ ਦੇ ਕੀਤੇ ਜਾ ਰਹੇ ਸਤਿਕਾਰ ਲਈ ਸਿਖਿਆ ਲੈਣੀ ਚਾਹੀਦੀ ਹੈ।—ਸੰਪਾਦਕ

ਅਫ਼ਗਾਨਿਸਤਾਨ ਦਾ ਪਹਿਲਾ ਨਾਮ ਖੁਰਾਸਾਨ ਸੀ। ਇਸ ਦਾ ਇਕ ਸ਼ਹਿਰ ਜਲਾਲਾਬਾਦ ਕਾਬਲ ਤੋਂ ਪਿਸ਼ਾਵਰ ਜਾਣ ਵਾਲੀ ਸੜਕ ਉਤੇ, ਕਾਬਲ ਤੋਂ ੧੪੪ ਮੀਲ ਦੂਰ ਹੈ ਅਤੇ ਹਕੂਮਤ ਆਲਾਅ ਮਸ਼ਰਕੀ ਦੀ ਪੰਜਾਂ ਵਿਚੋਂ ਇਕ ਰਾਜਧਾਨੀ ਵੀ ਹੈ। ਇਥੇ ਗੁਰਸਿਖਾਂ ਦੀ ਵਸੋਂ ਤਿੰਨ ਹਜ਼ਾਰ ਤੋਂ ਵਧ ਹੈ ਅਤੇ ਇਕ ਸੁੰਦਰ ਤੇ ਵਿਸ਼ਾਲ ਗੁਰਦੁਆਰਾ ਹੈ, ਜਿਥੇ ਸਵੇਰੇ ਸ਼ਾਮ ਸਤਿਸੰਗ ਦਾ ਪਰਵਾਹ ਚਲਦਾ ਹੈ। ਦੀਵਾਨ ਹਾਲ ਸੰਗਤਾਂ ਨਾਲ ਭਰਪੂਰ ਹੁੰਦਾ ਹੈ। ਗੁਰਦੁਆਰੇ ਵਿਚ ਪਾਠ, ਕਥਾ, ਕੀਰਤਨ, ਅਰਦਾਸ, ਸ੍ਰੀ ਅੰਮ੍ਰਿਤਸਰ ਦੀ ਮਰਯਾਦਾ ਅਨੁਸਾਰ ਹੁੰਦੇ ਹਨ। ਸੰਗਤਾਂ ਦੀ ਚੁਣੀ ਹੋਈ ਸੇਵਾਦਾਰਾਂ ਦੀ ਪ੍ਰਬੰਧਕ ਕਮੇਟੀ ਗੁਰਦੁਆਰੇ ਦਾ ਪ੍ਰਬੰਧ ਚਲਾਉਂਦੀ ਹੈ। ਸਾਰੇ ਪ੍ਰਬੰਧਕ ਨਿਸ਼ਕਾਮ ਸੇਵਕ 'ਕਿਰਤ ਵਿਰਤ ਕਰ ਧਰਮ ਦੀ ਹਥੋਂ ਦੇ ਕੇ ਭਲਾ ਮਨਾਏ' ਦੇ ਪੂਰਨਿਆਂ ਤੇ ਚਲਣ ਵਾਲੇ ਹਨ। ਗੁਰਦਵਾਰੇ ਵਲੋਂ ਗੁਰਮੁਖੀ ਵਿਦਿਆ ਦੇ ਨਾਲ ਗੁਰਬਾਣੀ, ਸਿਖ ਇਤਿਹਾਸ ਅਤੇ ਧਾਰਮਿਕ ਵਿਦਿਆ ਲਈ ਦੋ ਸਕੂਲ ਚਲ ਰਹੇ ਹਨ। ਸਕੂਲਾਂ ਦੇ ਪ੍ਰਬੰਧਕ ਅਤੇ ਸਟਾਫ ਬੜੀ ਮਿਹਨਤ, ਲਗਨ ਨਾਲ ਸੇਵਾ ਕਰ ਕੇ ਬੱਚੇ ਬੱਚੀਆਂ ਦੇ ਭਵਿਖ ਨੂੰ ਗੁਰਮਤਿ ਅਨੁਕੂਲ ਨਿਰਮਾਨਤ ਕਰ ਰਹੇ ਹਨ। ਉਪੋਕਤ **ਪ੍ਰਬੰਧ ਦੀ ਗੁਰਮਤਿ ਮਰਯਾਦਾ ਅਨੁਸਾਰ ਅਗਵਾਈ ਕਰਨ ਲਈ ਸਰਬੱਤ ਸੰਗਤ ਨੇ ਸਰਬ ਸੰਮਤੀ ਨਾਲ ਉਚ ਜੀਵਨ ਵਾਲੇ ਗੁਰਸਿਖ ਪੰਜ ਪਿਆਰੇ ਨਿਯੁਕਤ ਕਰ ਰਖੇ ਹਨ, ਜੋ ਗੁਰਸਿਖਾਂ ਦੀ ਧਾਰਮਿਕ ਅਗਵਾਈ ਦੇ ਨਾਲ ਅੰਮ੍ਰਿਤ ਪ੍ਰਚਾਰ ਵੀ ਕਰਦੇ ਹਨ। ਅੰਮ੍ਰਿਤ ਪ੍ਰਚਾਰ ਲਈ ਕੋਈ ਦਿਨ ਨੀਯਤ ਨਹੀਂ।** ਅੰਮ੍ਰਿਤ-ਅਭਿਲਾਸ਼ੀ ਸਜਣ ਗਲ ਵਿਚ ਪੱਲਾ ਪਾ ਕੇ ਅੰਮ੍ਰਿਤ ਦੀ ਯਾਚਨਾ ਕਰਦੇ ਹਨ ਤਾਂ ਉਸੇ ਵੇਲੇ ਦਿਨ ਨੀਯਤ ਕਰ ਕੇ ਸੰਗਤ ਨੂੰ ਸੁਣਾ ਦਿਤਾ ਜਾਂਦਾ ਹੈ। ਨੀਯਤ ਸਮੇਂ ਤਕ ਜਿਤਨੇ ਸਜਣ ਹੋ ਜਾਣ, ਸਭ ਨੂੰ ਗੁਰੂ ਕਾ ਅੰਮ੍ਰਿਤ ਪਾਨ ਕਰਾਇਆ ਜਾਂਦਾ ਹੈ।

ਜਲਾਲਾਬਾਦ ਵਿਖੇ ਖ਼ਾਲਸਾ ਦੀਵਾਨ ਅਫ਼ਗਾਨਿਸਤਾਨ ਦਾ ਕੇਂਦਰੀ ਦਫ਼ਤਰ ਭੀ ਹੈ, ਜੋ ਸਾਰੇ ਦੇਸ ਦੀ ਧਾਰਮਿਕ ਅਤੇ ਵਿਦਿਅਕ ਰਹਿਨੁਮਾਈ ਕਰਦਾ ਹੈ। ਖ਼ਾਲਸਾ ਦੀਵਾਨ ਦੇ ਸੇਵਕ, ਸਿੱਖੀ ਸਿਦਕ ਅਤੇ ਗੁਰੂ ਉਤੇ ਦ੍ਰਿੜ੍ਹ ਵਿਸ਼ਵਾਸ ਰਖਣ ਵਾਲੇ ਗੁਰਸਿਖ ਹਨ। ਜਲਾਲਾਬਾਦ ਦੀ ਸਾਰੀ ਸਿਖ ਵਸੋਂ ਵਿਚ ਇਕ ਵੀ ਪਤਿਤ ਸਿਖ ਨਹੀਂ ਲਭਦਾ, ਸਾਰੇ ਦੇ ਸਾਰੇ ਰਹਿਣੀ ਬਹਿਣੀ ਵਿਚ ਅੰਮ੍ਰਿਤਧਾਰੀ ਗੁਰਸਿਖ ਹਨ।

**ਜਾਗਤਿ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਿੰਨਾ ਸਤਿਕਾਰ ਜਲਾਲਾਬਾਦ ਵਿਚ ਵਸਦੇ ਗੁਰਸਿਖਾਂ ਵਿਚ ਹੈ ਉਹ ਸਾਰੇ ਸੰਸਾਰ ਦੇ ਸਿਖਾਂ ਲਈ ਚਾਨਣ-ਮੁਨਾਰਾ ਹੈ।** ਕਿਸੇ ਵਿਅਕਤੀ ਨੂੰ ਗੁਰੂ ਗ੍ਰੰਥ ਸਾਹਿਬ ਆਪਣੇ ਘਰ ਰਖਣ ਦੀ ਜਾਂ ਕਿਸੇ ਕਾਰਜ ਲਈ ਘਰ ਲੈ ਜਾਣ ਦੀ ਆਗਿਆ ਨਹੀਂ ਹੈ। ਪ੍ਰਬੰਧਕਾਂ ਨੇ ਇਹ ਫ਼ੈਸਲਾ ਇਸ ਗੱਲ ਨੂੰ ਮੁਖ ਰਖ ਕੇ ਕੀਤਾ ਹੈ ਕਿ ਗ੍ਰਹਿਸਤੀਆਂ ਦੇ ਘਰਾਂ ਵਿਚ ਗੁਰੂ ਮਹਾਰਾਜ ਦਾ ਪੂਰਾ ਸਤਿਕਾਰ ਨਹੀਂ ਹੋ ਸਕਦਾ। ਗੁਰਸਿਖਾਂ ਦੇ ਸਾਰੇ ਕਾਰਜ ਗੁਰਦਵਾਰੇ ਵਿਚ ਹੀ ਹੁੰਦੇ ਹਨ ਅਤੇ ਮਹਾਰਾਜ



www.AKJ.Org

ਦੀ ਬਾਣੀ ਦੇ ਅਖੰਡਪਾਠ ਜਾਂ ਸਹਿਜ ਪਾਠ ਭੀ ਕੇਵਲ ਗੁਰਦਵਾਰੇ ਹੀ ਹੁੰਦੇ ਹਨ। ਸਾਰੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਵਲੋਂ ਕੀਤੇ ਫ਼ੈਸਲਿਆਂ ਨੂੰ ਸਵੀਕਾਰ ਕਰਦੀ ਹੈ।

ਜਿਥੇ ਜਲਾਲਾਬਾਦ ਅਤੇ ਕਾਬਲ ਦੇ ਸਿਖਾਂ ਵਿਚ ਸਿਖੀ ਸਿਦਕ, ਪੰਥਕ ਪਿਆਰ ਅਤੇ ਗੁਰੂ ਲਈ ਅਗਾਧ ਸ਼ਰਧਾ ਹੈ ਉਥੇ ਉਹਨਾਂ ਦੇ ਮਨਾਂ ਵਿਚ ਅਫ਼ਗਾਨਿਸਤਾਨ ਲਈ ਵਫ਼ਾਦਾਰੀ ਅਤੇ ਦੇਸ਼-ਭਗਤੀ ਵੀ ਅਥਾਹ ਹੈ। ਉਹ ਹਰ ਔਕੜ ਵੇਲੇ ਦੇਸ਼ ਵਾਸਤੇ ਕੁਰਬਾਨੀ ਲਈ ਤੱਤਪਰ ਰਹਿੰਦੇ ਹਨ। ਦੇਸ਼-ਭਗਤੀ ਅਤੇ ਉੱਚੇ ਸੁੱਚੇ ਕਿਰਦਾਰ ਨਾਲ ਉਹਨਾਂ ਨੇ ਹਕੂਮਤ ਦਾ ਦਿਲ ਜਿੱਤ ਲਿਆ ਹੈ। ਇਹੀ ਕਾਰਨ ਹੈ ਕਿ ਉਥੋਂ ਦੀ ਸਰਕਾਰ ਅਫ਼ਗਾਨਿਸਤਾਨ ਦੇ ਸਿੱਖਾਂ ਨੂੰ ਸਭ ਤਰ੍ਹਾਂ ਦੀਆਂ ਸਹੂਲਤਾਂ ਦੇਂਦੀ ਹੈ ਅਤੇ ਸਿਖਾਂ ਦੀ ਜਾਨ ਅਤੇ ਮਾਲ ਦੀ ਪੂਰੀ ਪੂਰੀ ਹਿਫ਼ਾਜ਼ਤ ਕਰਦੀ ਹੈ।

ਜਲਾਲਾਬਾਦ ਤੋਂ ੬ ਮੀਲ ਉਤੇ ਸੁਲਤਾਨ ਪੁਰ ਪਿੰਡ ਦੇ ਨਾਲ ਗੁਰੂ ਨਾਨਕ ਦੇਵ ਜੀ ਦਾ ਇਤਹਾਸਕ ਗੁਰਦਵਾਰਾ ਚਸ਼ਮਾ ਸਾਹਿਬ ਹੈ, ਜੋ ਇਕ ਰਮਣੀਕ ਥਾਂ ਉਤੇ ਸੁਸ਼ੋਭਤ ਹੈ। ਸਤਿਗੁਰੂ ਦੀ ਚਰਨ ਛੋਹ ਨਾਲ ਪ੍ਰਗਟ ਹੋਇਆ ਨਿਰਮਲ ਜਲ ਦਾ ਇਹ ਪਵਿਤਰ ਚਸ਼ਮਾ ਪਾਕਿਸਤਾਨ ਵਿਚ ਗੁਰਦਵਾਰਾ ਪੰਜਾ ਸਾਹਿਬ ਅਤੇ ਭਾਰਤ ਵਿਚ ਗੁਰਦਵਾਰਾ ਨਾਨਕ ਝੀਰਾ (ਬਿਦਰ) ਦੀ ਯਾਦ ਤਾਜ਼ਾ ਕਰਾਂਦਾ ਹੈ। ਇਸ ਅਸਥਾਨ ਉਤੇ ਵੈਸਾਖੀ ਨੂੰ ਬੜਾ ਭਾਰੀ ਸਮਾਗਮ ਹੁੰਦਾ ਹੈ, ਜਿਸ ਵਿਚ ਹਿੰਦੂ ਸਿਖ ਅਤੇ ਮੁਸਲਿਮ, ਜਿਹਨਾਂ ਵਿਚ ਉਚੇ ਸਰਕਾਰੀ ਅਫ਼ਸਰ ਭੀ ਸ਼ਾਮਲ ਹੁੰਦੇ ਹਨ, ਪੁਜਦੇ ਹਨ। ਵੈਸਾਖੀ ਨੂੰ ਇਹ ਅਸਥਾਨ ੧੦-੧੨ ਦਿਨਾਂ ਲਈ ਤੰਬੂ ਕਨਾਤਾਂ ਛੋਲਦਾਰੀਆਂ ਅਤੇ ਸ਼ਾਮਿਆਨਿਆਂ ਨਾਲ ਵਸਿਆ ਹੋਇਆ ਇਕ ਸੁੰਦਰ ਨਗਰ ਹੁੰਦਾ ਹੈ।

ਇਥੇ ਅਫ਼ਗਾਨਿਸਤਾਨ ਦੀਆਂ ਸੰਗਤਾਂ ਇਕੱਤਰ ਹੋ ਕੇ ਹਰੀ ਕੀਰਤਨ, ਕਥਾ ਅਤੇ ਸਤਿਸੰਗ ਦਾ ਰਸ ਮਾਣਦੀਆਂ ਹਨ। ਇਸ ਸਮਾਗਮ ਦਾ ਪ੍ਰਬੰਧ ਅਫ਼ਗਾਨਿਸਤਾਨ ਖ਼ਾਲਸਾ ਦੀਵਾਨ ਵਲੋਂ ਹੁੰਦਾ ਹੈ। ਤੰਬੂ, ਛੋਲਦਾਰੀਆਂ ਅਤੇ ਸਮਾਗਮ ਲਈ ਰੋਸ਼ਨੀ ਆਦਿ ਦਾ ਵਿਸ਼ੇਸ ਪ੍ਰਬੰਧ ਸਰਕਾਰ ਵਲੋਂ ਕੀਤਾ ਜਾਂਦਾ ਹੈ। ਇਸ ਸਮਾਗਮ ਤੇ ਜਲਾਲਾਬਾਦ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਦੀ ਅਗਵਾਈ ਵਿਚ ਸਜ ਧਜ ਨਾਲ ਸ਼ਾਹਾਨਾ ਜਲੂਸ ਅਰੰਭ ਹੁੰਦਾ ਹੈ, ਜੋ ਨਗਰ ਕੀਰਤਨ ਨਾਲ ਗੁਰਦੁਆਰਾ ਚਸ਼ਮਾ ਸਾਹਿਬ ਪੁਜ ਕੇ ਸਮਾਪਤ ਹੁੰਦਾ ਹੈ। ਜਲੂਸ ਦੀ ਸਫਲਤਾ ਲਈ ਸਰਕਾਰ ਸਹਿਯੋਗ ਦੇਂਦੀ ਹੈ। ਚਸ਼ਮਾ ਸਾਹਿਬ ਵਿਖੇ ਇਸ ਵਾਰਸ਼ਕ ਸਮਾਗਮ ਉਤੇ ਭਾਰੀ ਅੰਮ੍ਰਿਤ ਪ੍ਰਚਾਰ ਭੀ ਹੁੰਦਾ ਹੈ। ਇਸ ਸਮਾਗਮ ਉਤੇ ਅਫ਼ਗਾਨਿਸਤਾਨ ਦੇ ਗੁਰਸਿਖਾਂ ਦੇ ਬੱਚੇ ਬੱਚੀਆਂ ਦੇ ਗੁਰਮਤਿ ਮਰਯਾਦਾ ਨਾਲ ਇਕੱਠੇ ਆਨੰਦ ਕਾਰਜ ਭੀ ਹੁੰਦੇ ਹਨ, ਜਿਸ ਦੇ ਨਾਲ ਵਾਧੂ ਖਰਚ ਬੰਦ ਹੋ ਚੁਕੇ ਹਨ। ਜੇ ਬੱਚੇ ਅਤੇ ਬੱਚੀਆਂ ਅੰਮ੍ਰਿਤ-ਧਾਰੀ ਨਾ ਹੋਣ ਤਾਂ ਅਨੰਦ ਕਾਰਜ ਨਹੀਂ ਹੋ ਸਕਦਾ। (ਪੰਥ ਦੇ ਆਗੂਆਂ ਅਤੇ ਰਾਗੀ ਪ੍ਰਚਾਰਕਾਂ ਨੂੰ ਅਫ਼ਗਾਨਿਸਤਾਨ ਦੇ ਗੁਰਸਿਖਾਂ ਤੋਂ ਸਿਖਿਆ ਅਤੇ ਪ੍ਰੇਰਨਾ ਲੈਣੀ ਚਾਹੀਦੀ ਹੈ।) ਪ੍ਰਬੰਧਕ ਕੇਵਲ ਪ੍ਰਸ਼ਾਦ ਲਈ ਮਾਇਆ ਲੈਂਦੇ ਹਨ, ਹੋਰ ਕੋਈ ਖ਼ਰਚਾ ਨਹੀਂ ਹੁੰਦਾ। ਗੁਰੂ ਕਾ ਲੰਗਰ, ਬਿਨਾਂ ਜਾਤ ਪਾਤ ਤੇ ਵਿਤਕਰੇ ਦੇ ਅਤੁੱਟ ਵਰਤਦਾ ਹੈ। ਅਨੰਦਕਾਰਜ ਦੇ ਅਦਭੁਤ ਦ੍ਰਿਸ਼ ਅਤੇ ਗੁਰਸਿਖਾਂ ਦੀ ਮਰਯਾਦਾ ਨੂੰ ਦੇਖਣ ਲਈ ਬਹੁਤ ਗਿਣਤੀ ਵਿਚ ਮੁਸਲਮਾਨ ਵੀ ਪੁਜਦੇ ਹਨ, ਜੋ ਸਿਖਾਂ ਦੀ ਸਾਦਗੀ ਅਤੇ ਸਾਂਝੀਵਾਲਤਾ ਤੋਂ ਪ੍ਰਭਾਵਿਤ ਹੁੰਦੇ ਹਨ।

ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬਲ ਵਿਚ ਵੀ ਸਿਖਾਂ ਦੀ ਭਾਰੀ ਵਸੋਂ ਹੈ। ਕਾਬਲ ਸ਼ਹਿਰ ਵਿਚ ੯ ਗੁਰਦਵਾਰੇ ਹਨ, ਜੋ ਪੁਰਾਤਨ ਗੁਰਸਿਖਾਂ ਨੇ ਬਣਾਏ ਸਨ। ਇਨ੍ਹਾਂ ਵਿਚੋਂ ਦੋ ਇਤਿਹਾਸਕ ਹਨ— ਗੁਰਦੁਆਰਾ ਖ਼ਾਲਸਾ ਭਾਈ ਗੁਰਦਾਸ ਜੀ ਦੀ ਯਾਦ ਵਿਚ ਅਤੇ ਦੂਸਰਾ ਗੁਰਦੁਆਰਾ ਬਾਬਾ ਸ੍ਰੀ ਚੰਦ ਜੀ ਹੈ।

[ਬਾਕੀ ਸਫ਼ਾ ੨੦ ਦੇ ਹੇਠ[



www.AKJ.Org

# ਸ਼੍ਰੋਮਣੀ ਕਮੇਟੀ ਅਤੇ ਪਦ-ਛੇਦ ਬੀੜ

ਸ਼੍ਰੋਮਣੀ ਕਮੇਟੀ ਸਾਲ ਦੇ ਸਾਲ ਆਪਣੀ ਛਪਣ ਵਾਲੀ 'ਸ਼੍ਰੋਮਣੀ ਜੰਤਰੀ' ਵਿਚ ਕਈ ਵਾਰ ਹੇਠ ਲਿਖਿਆ ਮਤਾ ਛਾਪ ਕੇ ਸੰਗਤਾਂ ਤਕ ਪਹੁੰਚਾਂਦੀ ਰਹੀ ਹੈ—

(੧) ਕਾਰਜ ਸਾਧਕ ਕਮੇਟੀ (ਚੀਫ਼ ਖ਼ਾਲਸਾ ਦੀਵਾਨ) ਦਾ ਮਤਾ ਨੰਬਰ ੨੬੧.੨ ਮਿਤੀ ੨੧ ਜਨਵਰੀ ੧੯੪੫—

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਦ-ਛੇਦ ਬੀੜ ਤੋਂ ਅਖੰਡ ਪਾਠ ਹੋਣ ਸਬੰਧੀ ਮੁਆਮਲਾ ਸਲਾਹਕਾਰਾਂ ਦੀਆਂ ਰਾਵਾਂ ਸਮੇਤ ਪੇਸ਼ ਹੋਇਆ, ਆਗਿਆ ਹੋਈ ਕਿ ਨਾ ਹੀ ਐਸੀ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣਾ ਜਾਇਜ਼ ਹੈ ਤੇ ਨਾ ਹੀ ਇਸ ਤੋਂ ਅਖੰਡ ਪਾਠ ਕਰਨਾ ਜਾਇਜ਼ ਹੈ ਤੇ ਪਦ-ਛੇਦ ਕਰ ਕੇ ਸਾਰੀ ਬੀੜ ਇਕ ਜਿਲਦ ਵਿਚ ਛਪਣੀ ਨਾ-ਮੁਨਾਸਬ ਹੈ, ਤੇ ਪੰਥ ਲਈ ਹਾਨੀਕਾਰਕ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਫ਼ੈਸਲੇ ਦੀ ਨਕਲ ਭੇਜੀ ਜਾਵੇ ਤੇ ਆਮ ਅਖ਼ਬਾਰਾਂ ਵਿਚ ਵੀ ਪ੍ਰਕਾਸ਼ਤ ਕੀਤੀ ਜਾਵੇ।

(੨) ਗੁਰਮਤਾ ਨੰਬਰ ੭ ਤ੍ਰੀਕ ੧-੧-੧੯੫੦ ਧਾਰਮਿਕ ਕਮੇਟੀ, ਸ਼੍ਰੋਮਣੀ ਗੁ: ਪ੍ਰ: ਕਮੇਟੀ—

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਦ-ਛੇਦ ਬੀੜ ਛਾਪਣ ਜਾਂ ਪ੍ਰਕਾਸ਼ ਕਰਨ ਸਬੰਧੀ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦਾ ਗੁਰਮਤਾ ਨੰਬਰ ੧੬੩੭ ਮਿਤੀ ੨੮-੫-੪੦, ਜਿਸ ਵਿਚ ਧਾਰਮਿਕ ਸਲਾਹਕਾਰ ਕਮੇਟੀ ਦੀ ਰਾਏ ਪੁਛੀ

[ਸਫਾ ੧੯ ਦੀ ਬਾਕੀ]

ਬਾਕੀ ਦੇ ਗੁਰਦਵਾਰੇ ਪੁਰਾਤਨ ਗੁਰਸਿਖਾਂ ਨੇ ਕਾਇਮ ਕੀਤੇ ਹਨ।

'ਕਰਤੇ ਪ੍ਰਵਾਨ' ਦੇ ਸਿਖਾਂ ਨੇ ਇਕ ਸੁੰਦਰ ਗੁਰਦੁਆਰਾ ਭੀ ਕਾਇਮ ਕੀਤਾ, ਜੋ ਵਰਤਮਾਨ ਕਾਬਲ ਦਾ ਸਭ ਤੋਂ ਵੱਡਾ ਗੁਰਦੁਆਰਾ ਹੈ। ਗੁਰਦਵਾਰੇ ਦਾ ਪ੍ਰਬੰਧ ਸਿੰਘ ਸਭਾ 'ਕਰਤੇ ਪ੍ਰਵਾਨ' ਕਰਦੀ ਹੈ। ਗੁਰਦਵਾਰੇ ਸਵੇਰੇ ਸ਼ਾਮ ਸਤਿਸੰਗ ਹੁੰਦਾ ਹੈ। ਗੁਰਦਵਾਰੇ ਦਾ ਵਿਸ਼ਾਲ ਦੀਵਾਨ ਹਾਲ ਸੰਗਤ ਨਾਲ ਭਰਪੂਰ ਹੁੰਦਾ ਹੈ।

ਗੁਰਦੁਆਰਾ ਗੁਰੂ ਹਰਿਰਾਏ ਸਾਹਿਬ ਲਾਹੋਰੀ ਦਰਵਾਜ਼ਾ ਕਾਬਲ, ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਸਿਦਕੀ ਸਿਖ ਭਾਈ ਗੋਂਦਾ ਦੀ ਯਾਦ ਵਿਚ ਹੈ। ਇਥੇ ਅੰਮ੍ਰਿਤ ਵੇਲੇ ਸੁਖਮਨੀ ਸਾਹਿਬ ਜੀ ਦੇ ਪਾਠ ਉਪ੍ਰੰਤ ਸੰਗਤਾਂ ਸ਼ਬਦ ਕੀਰਤਨ ਨਾਲ ਪ੍ਰਕਰਮਾਂ ਕਰਦੀਆਂ ਹਨ। ਉਪ੍ਰੰਤ ਕੀਰਤਨ ਅਤੇ ਕਥਾ ਦਾ ਪ੍ਰੋਗਰਾਮ ਹੁੰਦਾ ਹੈ। ਇਸ ਤੋਂ ਥੋੜੀ ਦੂਰ ਗੁਰਦਵਾਰਾ ਖਾਲਸਾ ਅਥਵਾ ਗੁਰਦਵਾਰਾ ਭਾਈ ਗੁਰਦਾਸ ਜੀ ਦੇ ਕਾਬਲ ਜਾ ਕੇ ਘੋੜੇ ਖਰੀਦਣ ਦਾ ਇਤਿਹਾਸਕ ਅਸਥਾਨ ਦਸਿਆ ਜਾਂਦਾ ਹੈ। ਇਸ ਅਸਥਾਨ ਦੀ ਪ੍ਰਾਭੌਤਕ ਸ਼ਕਤੀ ਦੇ ਕਈ ਕੌਤਕ ਅਸਾਂ ਗੁਰਸਿਖਾਂ ਤੋਂ ਸਰਵਣ ਕੀਤੇ ਹਨ। ਅਫ਼ਗਾਨਿਸਤਾਨ ਵਿਚ ਗੁਰੂ ਘਰ ਦੀ ਅਜ਼ਮਤ ਨੂੰ ਮੁਸਲਮਾਨ ਭੀ ਮੰਨਦੇ ਹਨ ਅਤੇ ਕਈ ਮੁਸਲਮਾਨ ਸ਼ਰਧਾ ਵੀ ਰਖਦੇ ਹਨ। ਇਥੇ ਰੋਜ਼ਾਨਾ ਸਵੇਰੇ ਕੀਰਤਨ ਹੁੰਦਾ ਹੈ। ਗੁਰਦਵਾਰਾ ਖ਼ਾਲਸਾ ਦੇ ਨੇੜੇ ਹੀ ਗੁਰਦਵਾਰਾ ਬਾਬਾ ਸ੍ਰੀ ਚੰਦ ਜੀ ਹੈ। ਇਸ ਗੁਰਦਵਾਰੇ ਵਿਚ ਸਵੇਰੇ ਸ਼ਾਮ ਸਤਿਸੰਗ ਹੁੰਦਾ ਹੈ। ਸੰਗਤ ਬਹੁਤ ਪ੍ਰੇਮੀ ਹੈ। ਸਹਿਜਧਾਰੀ ਪ੍ਰਬੰਧਕ ਗੁਰਬਾਣੀ ਤੇ ਅਗਾਧ ਸ਼ਰਧਾ ਰਖਦੇ ਹਨ। ਅਫ਼ਗਾਨਿਸਤਾਨ ਵਿਚ ਸਹਿਜਧਾਰੀ ਸਿੱਖਾਂ ਨੂੰ 'ਸੇਵਕ' ਦੀ ਉਪਾਧੀ ਨਾਲ ਬੁਲਾਇਆ ਜਾਂਦਾ ਹੈ। ਸਹਿਜਧਾਰੀਆਂ ਦੀ ਸੰਤਾਨ ਚੋਂ ਬਹੁ-ਗਿਣਤੀ ਸਿਖੀ ਧਾਰਨ ਕਰਦੀ ਹੈ। ਅਫ਼ਗਾਨਿਸਤਾਨ ਵਿਚ ਵਸਦੇ ਗੁਰਸਿਖਾਂ ਵਿਚ ਗੁਰਬਾਣੀ ਵਾਸਤੇ ਅਗਾਧ ਸ਼ਰਧਾ ਅਤੇ ਠਾਠਾਂ ਮਾਰਦੇ ਸਿਖੀ ਸਿਦਕ ਤੋਂ ਭਾਰਤ ਦੇ ਵਸਨੀਕ ਗੁਰਸਿਖਾਂ ਨੂੰ ਪ੍ਰੇਰਨਾ ਲੈਣੀ ਚਾਹੀਦੀ ਹੈ।

[ਖ਼ਾਲਸਾ ਸਮਾਚਾਰ, ੨੯ ਜੁਲਾਈ ੭੬



www.AKJ.Org

ਗਈ ਸੀ, ਪੇਸ਼ ਹੋ ਕੇ ਪਰਵਾਨ ਹੋਇਆ ਕਿ ਜਿਤਨਾ ਚਿਰ ਪੰਥਕ ਤੌਰ ਤੇ ਇਸ ਬਾਰੇ ਕੋਈ ਫੈਸਲਾ ਨਾ ਹੋ ਜਾਵੇ, ਕਿਸੇ ਇਕ ਪੁਰਸ਼ ਜਾਂ ਸਭਾ ਸੁਸਾਇਟੀ ਨੂੰ ਪਦ-ਛੇਦ ਬੀੜ ਨਹੀਂ ਛਾਪਣੀ ਚਾਹੀਦੀ ਤੇ ਨਾ ਹੀ ਪਦ-ਛੇਦ ਬੀੜ ਦਾ ਪ੍ਰਕਾਸ਼ ਹੋਣਾ ਚਾਹੀਦਾ ਹੈ।

ਇਨ੍ਹਾਂ ਦੋਹਾਂ ਸੰਸਥਾਵਾਂ ਦੇ ਮਤਿਆਂ ਵਿਚ ਇਹ ਗੱਲ ਸਪਸ਼ਟ ਹੈ ਕਿ ਬੀੜ ਰੂਪ ਵਿਚ ਪਦ ਛੇਦ ਕਰਕੇ ਬਾਣੀ ਛਾਪਣੀ ਨਾ-ਮੁਨਾਸਬ ਹੈ, ਪੰਥ ਲਈ ਹਾਨੀਕਾਰਕ ਹੈ, ਨਾ ਹੀ ਪਦ-ਛੇਦ ਬੀੜਾ ਦਾ ਪ੍ਰਕਾਸ਼ ਹੋਣਾ ਜਾਇਜ਼ ਹੈ ਅਤੇ ਨਾ ਹੀ ਇਨ੍ਹਾਂ ਬੀੜਾਂ ਤੋਂ ਅਖੰਡ ਪਾਠ ਹਣੇ ਜਾਇਜ਼ ਹਨ। ਸ਼੍ਰੋਮਣੀ ਕਮੇਟੀ ਨੇ ਇਹ ਮਤਾ ਪਰਵਾਨ ਕੀਤਾ ਕਿ ਜਦ ਤਕ ਪੰਥਕ ਤੌਰ ਤੇ ਫ਼ੈਸਲਾ ਨਾ ਹੋ ਜਾਵੇ, ਕਿਸੇ ਇਕ ਪੁਰਸ਼ ਜਾਂ ਸਭਾ ਸੁਸਾਇਟੀ ਵਲੋਂ ਪਦ-ਛੇਦ ਬੀੜ ਨਹੀਂ ਛਾਪਣੀ ਚਾਹੀਦੀ ਅਤੇ ਨਾ ਹੀ ਪਦ-ਛੇਦ ਬੀੜ ਦਾ ਪ੍ਰਕਸ਼ ਹਣਾ ਚਾਹੀਦਾ ਹੈ।

'ਗੁਰਮਤਿ ਵਿਚਾਰ ਪੱਤ੍ਰਕਾ' ਜਲੰਧਰ ੧ ਜੁਲਾਈ **੧੯੭੬ ਦੇ ਪਰਚੇ ਵਿਚ ਇਕ ਸੰਪਾਦਕੀ ਲੇਖ ਛਪਿਆ** ਹੈ, ਜਿਸ ਦਾ ਸਿਰਲੇਖ ਹੈ—"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਸਲ ਰੂਪ ਕਾਇਮ ਰਖਿਆ ਜਾਵੇ"। ਇਸ ਲੇਖ ਵਿਚ ਲਖਕ ਨੇ ਦਸਿਆ ਹੈ ਕਿ ੨੧-੬-੭੬ ਨੂੰ ਗ੍ਰੰਥੀ ਸਿੰਘਾਂ ਦੇ ਇਕ-ਰੋਜ਼ਾ ਕੈਂਪ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈਡ ਗ੍ਰੰਥੀ ਸਾਹਿਬ ਨੇ ਭਾਸ਼ਨ ਦਿੰਦਿਆਂ ਦਸਿਆ ਕਿ ਸ਼ੁੱਧ ਪਾਠ ਅਸਾਨੀ ਨਾਲ ਕਰਨ ਲਈ ਸ਼੍ਰੋਮਣੀ ਕਮੇਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਦ-ਭੇਦ ਕਰ ਰਹੀ ਹੈ। ਪਦ-ਛੇਦ ਕਰਨ ਨਾਲ ਪਾਠ ਸਹਿਜੇ ਹੀ ਸਪੱਸ਼ਟ ਤੇ ਸ਼ੁੱਧ ਹੋ ਜਾਵੇਗਾ। ਇਬ ਭਾਸ਼ਨ ਤੇ ਪੜਚੋਲ ਕਰਦਿਆਂ ਲੇਖਕ ਨੇ ਅੰਤ ਵਿਚ ਹੈਡ ਗ੍ਰੰਥੀ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਪਾਸ ਬਿਨੈ ਕੀਤੀ ਹੈ ਕਿ ਪੁਰਾਤਨ ਸਮੇਂ ਤੋਂ ਚਲੀ ਆ ਰਹੀ ਮਰਯਾਦਾ ਅਨੁਸਾਰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਜੁੜਤ ਰੂਪ ਵਿਚ ਪ੍ਰਕਾਸ਼ਤ ਕੀਤੀਆਂ ਜਾਣ ਤੇ ਜੋ ਔਕੜਾਂ ਪਾਠ ਸ਼ੁੱਧ ਕਰਨ ਵਿਚ ਆਉਂਦੀਆਂ ਹਨ, ਵਿਦਵਾਨਾਂ ਦੀ ਸਹਾਇਤਾ ਨਾਲ ਦੂਰ ਕਰਨ ਦਾ ਉਪਰਾਲਾ ਕੀਤਾ ਜਾਵੇ। ਫਿਰ ਨਵੇਂ ਪੈਰੇ ਵਿਚ ਲੇਖਕ ਜੀ ਲਿਖਦੇ ਹਨ ਕਿ ਇਹ ਇਕ ਬੜਾ ਗੰਭੀਰ ਮਸਲਾ ਹੈ। ਪਦ-ਛੇਦ ਕਰਨ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਸਲ ਰੂਪ ਕਾਇਮ ਨਹੀਂ ਰਹਿ ਸਕੇਗਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿਸ ਸਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਓਸੇ ਸਰੂਪ ਵਿਚ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦਿਤੀ। ਇਸ ਲਈ ਉਸ ਸਰੂਪ ਵਿਚ ਕੋਈ ਤਬਦੀਲੀ ਨਹੀਂ ਹੋਣੀ ਚਾਹੀਦੀ।

ਉਪਰੋਕਤ ਖ਼ਬਰ ਨੂੰ ਪੜ੍ਹ ਕੇ ਅਸੀਂ ਹੈਰਾਨ ਹੁੰਦੇ ਹਾਂ ਕਿ ਅਜ ਤੋਂ ੨੫-੩੦ ਸਾਲ ਪਹਿਲਾਂ ਤਾਂ ਕੌਮ ਦੀਆਂ ਜ਼ਿਮੇਵਾਰ ਸੰਸਥਾਵਾਂ ਪਦ-ਛੇਦ ਬੀੜਾਂ ਛਾਪਣ ਨੂੰ ਮਨਮਤਿ ਸਮਝਦੀਆਂ ਸਨ। ਪਰ ਕੁਝ ਸਾਲ ਬੀਤ ਜਾਣ ਪਿਛੋਂ ਉਹ 'ਮਨਮਤਿ' 'ਗੁਰਮਤਿ' ਕਿਵੇਂ ਬਣ ਗਈ? ਮਨਮਤਿ ਨੇ ਤਾਂ ਸਦਾ ਮਨਮਤਿ ਹੀ ਰਹਿਣਾ ਹੈ। ਨਾ-ਜਾਇਜ਼, ਨਾ-ਮੁਨਾਸਿਬ ਅਤੇ ਹਾਨੀਕਾਰਕ ਨੇ ਸਦਾ ਹੀ ਨਾ-ਜਾਇਜ਼, ਨਾ-ਮੁਨਾਸਬ ਅਤੇ ਹਾਨੀਕਾਰਕ ਰਹਿਣਾ ਹੈ। ਜਿਹੜੀ ਗੱਲ ਕਲ ਨਾ-ਜਾਇਜ਼ ਤੇ ਨਾ-ਮੁਨਾਸਬ ਸੀ, ਉਹ ਅੱਜ ਜਾਇਜ਼ ਤੇ ਮੁਨਾਸਬ ਕਿਵੇਂ ਹੋ ਗਈ? ਜਿਹੜਾ ਕੰਮ ਕਲ੍ਹ ਹਾਨੀਕਾਰਕ ਸੀ ਉਹ ਅੱਜ ਲਾਹੇਵੰਦਾ ਕਿਵੇਂ ਹੋ ਗਿਆ?

ਪਹਿਲਾਂ ਪਹਿਲ ਜਦੋਂ ਅੰਮ੍ਰਿਤਸਰ ਦੇ ਦੁਕਾਨ-ਦਾਰਾਂ ਨੇ ਪਦ-ਛੇਦ ਬੀੜਾਂ ਛਾਪਣ ਦਾ ਰਿਵਾਜ ਪਾਇਆ ਤਾਂ ਸਭ ਤੋਂ ਪਹਿਲਾਂ ਚੀਫ਼ ਖ਼ਾਲਸਾ ਦੀਵਾਨ ਨੇ ਇਸ ਦੀ ਵਿਰੋਧਤਾ ਕੀਤੀ ਅਤੇ ੧੯੪੫ ਵਿਚ ਪਦ-ਛੇਦ ਬੀੜਾਂ ਦੀ ਵਿਰੋਧਤਾ ਕਰਦਿਆਂ ਹੋਇਆਂ ਮਤਾ ਪਾਸ ਕਰ ਕੇ ਸਮੂੰਹ ਸੰਗਤਾਂ ਅਤੇ ਸ਼੍ਰੋਮਣੀ ਕਮੇਟੀ ਨੂੰ ਇਸ ਖ਼ਤਰੇ ਤੋਂ ਸੂਚਿਤ ਕੀਤਾ, ਜਿਸ ਦੀ ਬਾਅਦ ਵਿਚ ਸ਼੍ਰੋਮਣੀ ਕਮੇਟੀ ਨੇ ਵੀ ਤਾਈਦ ਕਰ ਦਿੱਤੀ।

ਲੋੜ ਇਸ ਗੱਲ ਦੀ ਸੀ ਕਿ ਇਨ੍ਹਾਂ ਮਤਿਆਂ ਨੂੰ



www.AKJ.Org

ਪਾਸ ਕਰਨ ਤੋਂ ਬਾਅਦ ਸਿਖ ਕੌਮ ਦੀਆਂ ਇਹ ਦੋਵੇਂ ਪ੍ਰਮੁਖ ਸੰਸਥਾਵਾਂ ਪਦ-ਛੇਦ ਬੀੜਾਂ ਦੀ ਛਪਾਈ ਨੂੰ ਰੋਕਣ ਲਈ ਪੂਰਾ ਪੂਰਾ ਜਤਨ ਕਰਦੀਆਂ, ਅਮਲੀ ਤੌਰ ਤੇ ਕੋਈ ਕਾਰਵਾਈ ਕਰਦੀਆਂ। ਪਰ ਇਹ ਮਤੇ ਕਰਨ ਤੋਂ ਬਾਅਦ ਸਾਡੀਆਂ ਇਨ੍ਹਾਂ ਸੰਸਥਾਵਾਂ ਨੇ ਅਮਲੀ ਰੂਪ ਵਿਚ ਅਜਿਹਾ ਕੋਈ ਵੀ ਜਤਨ ਨਾ ਕੀਤਾ ਜਿਸ ਨਾਲ ਪਦ-ਛੇਦ ਬੀੜਾਂ ਦਾ ਛਪਣਾ ਬੰਦ ਹੋ ਜਾਂਦਾ।

ਨਤੀਜਾ ਇਹ ਹੋਇਆ ਕਿ ਕੌਮ ਦੀਆਂ ਦੋਹਾਂ ਪ੍ਰਮੁਖ ਸੰਸਥਾਵਾਂ ਦੇ ਮਤਿਆਂ ਦੀ ਬਜ਼ਾਰ ਦੇ ਦੁਕਾਨਦਾਰਾਂ ਨੇ ਰਤਾ ਜਿੰਨੀ ਵੀ ਪਰਵਾਹ ਨਾ ਕੀਤੀ ਅਤੇ ਪਹਿਲਾਂ ਨਾਲੋਂ ਵੀ ਵਧੀਕ ਜ਼ੋਰਾਂ ਨਾਲ ਪਦ-ਛੇਦ ਸਰੂਪਾਂ ਦਾ ਪਰਚਾਰ ਅਰੰਭ ਕਰ ਦਿਤਾ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਦ-ਛੇਦ ਸਰੂਪ ਵਡੇ ਛੋਟੇ ਕਈ ਅਕਾਰਾਂ ਵਿਚ ਛਾਪਣੇ ਅਰੰਭ ਦਿਤੇ। ਦੁਕਾਨ-ਦਾਰਾਂ ਨੇ ਪਦ-ਛੇਦ ਕਰਨ ਲਗਿਆਂ ਬਹੁਤ ਥਾਈਂ ਸ਼ਬਦ-ਜੋੜ ਵੀ ਗ਼ਲਤ ਛਾਪੇ। ਪਰ ਅਫ਼ਸੋਸ ਕਿ ਉਪਰੋਕਤ ਦੋਹਾਂ ਸੰਸਥਾਵਾਂ, ਪੰਥ ਦੀਆਂ ਹੋਰ ਸੰਸਥਾਵਾਂ ਅਤੇ ਵਿਅੱਕਤੀਆਂ ਨੇ ਇਸ ਪਾਸੇ ਰਤਾ ਧਿਆਨ ਨਾ ਦਿਤਾ ਅਤੇ ਅਮਲੀ ਤੌਰ ਤੇ ਪਦ-ਛੇਦ ਬੀੜਾਂ ਦੀ ਛਪਾਈ ਨੂੰ ਰੋਕਣ ਲਈ ਕੋਈ ਵੀ ਕਦਮ ਨਾ ਚੁਕਿਆ।

ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਪਦ ਛੇਦ ਬੀੜਾਂ ਦੀ ਛਪਾਈ ਦੀ ਸਭ ਤੋਂ ਪਹਿਲਾਂ ਮੁਖ਼ਾਲਫ਼ਤ ਕਰਨ ਵਾਲਾ ਚੀਫ਼ ਖ਼ਾਲਸਾ ਦੀਵਾਨ ਵੀ ਅੱਜ ਕਿਉਂ ਚੁੱਪ ਬੈਠਾ ਹੈ? ਕੀ ਦੀਵਾਨ ਦਾ ਜੋਸ਼ ਉਹ ਮਤਾ ਪਾਸ ਕਰ ਕੇ ਖ਼ਤਮ ਹੋ ਗਿਆ? ਕੀ ਦੀਵਾਨ ਦੇ ਜ਼ਿਮੇਵਾਰ ਸਜਣਾਂ ਵਿਚ ਅਜਿਹੇ ਕੋਈ ਸਜਣ ਨਹੀਂ, ਜਿਨ੍ਹਾਂ ਦਾ ਖ਼ੂਨ ਉਬਾਲਾ ਖਾਵੇ ਅਤੇ ਉਹ ਦੀਵਾਨ ਨੂੰ ਮਜਬੂਰ ਕਰ ਦੇਣ ਕਿ ਉਹ ਆਪਣੇ ਪਹਿਲਾਂ ਕੀਤੇ ਮਤੇ ਤੇ ਕਾਇਮ ਰਹਿਣ ਅਤੇ ਸ਼੍ਰੋਮਣੀ ਕਮੇਟੀ ਨੂੰ ਬੀੜ ਪਦ-ਛੇਦ ਕਰ ਕੇ ਛਾਪਣ ਤੋਂ ਰੋਕਣ?

ਅਸੀਂ ਸ਼੍ਰੋਮਣੀ ਕਮੇਟੀ ਨੂੰ ਪੁਛ ਕਰਦੇ ਹਾਂ ਕਿ ਆਪ ਜੀ ਨੇ ਪੰਥ ਕੋਲੋਂ ਪਦ-ਛੇਦ ਬੀੜ ਕਰਨ ਦਾ ਫ਼ੈਸਲਾ ਕਦੋਂ ਲਿਆ ਹੈ? ਕਿਹੜੀ ਤਰੀਕ ਨੂੰ, ਕਿਸ ਥਾਂ ਤੇ ਪੰਥ ਨੂੰ ਸੱਦਾ ਦੇ ਕੇ ਪੰਥ ਦਾ ਇਕੱਠ ਕੀਤਾ ਗਿਆ ਅਤੇ ਕਿਸ ਪੰਥਕ-ਇਕੱਠ ਵਿਚ ਸ਼੍ਰੋਮਣੀ ਕਮੇਟੀ ਨੂੰ ਪਦ-ਛੇਦ ਕਰਨ ਦੀ ਆਗਿਆ ਦਿੱਤੀ ਗਈ ਹੈ?

ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਤਾਂ ਇਹ ਸੀ ਕਿ ਉਹ ਆਪਣੇ ਪੁਰਾਣੇ ਕੀਤੇ ਮਤੇ ਅਨੁਸਾਰ ਬਜ਼ਾਰ ਵਿਚ ਛਪ ਰਹੀਆਂ ਪਦ-ਛੇਦ ਬੀੜਾਂ ਨੂੰ ਰੋਕਣ ਲਈ ਪੰਥਕ ਤੌਰ ਤੇ, ਅਤੇ ਸਰਕਾਰੀ ਤੌਰ ਤੇ ਜ਼ੋਰ ਪੁਆ ਕੇ ਬੰਦ ਕਰਵਾਂਦੀ ਅਤੇ ਇਸ ਪਰਚਲਤ ਹੋ ਰਹੀ ਮਨਮੱਤ ਤੋਂ ਖ਼ਾਲਸਾ ਪੰਥ ਨੂੰ ਬਚਾਂਦੀ। ਪਰ ਇਸ ਤੋਂ ਉਲਟ ਸ਼੍ਰੋਮਣੀ ਕਮੇਟੀ ਵਲੋਂ ਆਦਿ ਬੀੜ ਨੂੰ ਪਦ-ਛੇਦ ਕਰਾਉਣ ਦਾ ਜਤਨ ਅਰੰਭ ਹੋ ਗਿਆ ਹੈ। ਸ਼੍ਰੋਮਣੀ ਕਮੇਟੀ ਨੇ ੧੯੫੦ ਵਿਚ ਪਦ-ਛੇਦ ਨਾ ਕਰਨ ਦਾ ਮਤਾ ਕੀਤਾ ਅਤੇ ਫਿਰ ਕਈ ਸਾਲ ਇਸ ਮਤੇ ਨੂੰ ਆਪਣੀ ਸ਼੍ਰੋਮਣੀ ਜੰਤਰੀ ਵਿਚ ਦੁਹਰਾਉਂਦੀ ਰਹੀ, ਪਰ ਹੁਣ ਆਪਣੇ ਆਪ ਹੀ, ਆਪਣੇ ਪਹਿਲੇ ਮਤੇ ਦੀ ਉਲੰਘਣਾ ਕਰ ਕੇ ਕਰ ਕੇ ਪਦ-ਛੇਦ ਕਰਾਉਣਾ ਅਰੰਭ ਕਰ ਦਿਤਾ ਹੈ। ਐਸਾ ਕਿਉਂ? ਜੇ ਸਮੁੱਚੇ ਪੰਥ ਪਾਸੋਂ ਫ਼ੈਸਲਾ ਨਹੀਂ ਲਿਆ ਗਿਆ ਤਾਂ ਸ਼੍ਰੋਮਣੀ ਕਮੇਟੀ ਨੂੰ ਅਜਿਹਾ ਕਰਨ ਦਾ ਹੱਕ ਕਿਵੇਂ ਪ੍ਰਾਪਤ ਹੈ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਮੇਟੀ ਵਲੋਂ ਪਦ-ਛੇਦ ਕਰ ਕੇ ਛਾਪਣ ਦਾ ਮਸਲਾ ਕਾਫ਼ੀ ਸੋਚ ਵਿਚਾਰ ਵਾਲਾ ਤੇ ਗੰਭੀਰ ਹੈ। ਸ਼੍ਰੋਮਣੀ ਕਮੇਟੀ ਵਲੋਂ ਆਦਿ ਬੀੜ ਨੂੰ ਪਦ-ਛੇਦ ਕਰਨ ਨਾਲ ਕਾਫ਼ੀ ਗੁੰਝਲਾਂ ਪੈਣਗੀਆਂ, ਜਿਸ ਵਿਚੋਂ ਨਿਕਲਣਾ ਮੁਸ਼ਕਲ ਹੋ ਜਾਵੇਗਾ।

ਸਸਤੀ ਸਿੱਖੀ ਪ੍ਰਾਪਤ ਕਰਨ ਵਾਲੀ ਜਨਤਾ ਤੋਂ ਇਲਾਵਾ, ਸਾਡੀ ਜ਼ਿਮੇਵਾਰ ਸੰਸਥਾ ਸ਼੍ਰੋਮਣੀ ਕਮੇਟੀ ਦੇ ਮੁਖੀਆਂ ਅੰਦਰ ਵੀ ਇਹ ਖ਼ਿਆਲ ਉਪਜ ਪੈਣਾ ਕਿ ਪਦ-ਛੇਦ ਕਰਨ ਨਾਲ ਪਾਠ ਸਹਿਜੇ ਹੀ ਸਪੱਸ਼ਟ ਤੇ ਸ਼ੁੱਧ ਹੋ ਜਾਵੇਗਾ, ਭਾਰੀ ਭੁਲੇਖਾ ਅਤੇ ਮਹਾਨ ਗ਼ਲਤੀ ਸਾਬਤ ਹੋ ਸਕਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂਤਰਾਂ ਬਾਰੇ



www.AKJ.Org

ਹੁਣ ਤਕ ਕਈ ਭੁਲੇਖੇ ਪਾਏ ਗਏ ਹਨ। ਅਰਥ ਕਰਾਉਣ ਵਾਲੀਆਂ ਵਖ ਵਖ ਟਕਸਾਲਾਂ, ਜਿਹਾ ਕਿ ਸੰਤ ਕਿਰਪਾਲ ਸਿੰਘ ਜੀ ਅੰਮ੍ਰਿਤਸਰ ਦਾ ਡੇਰਾ, ਸੰਤ ਕਰਤਾਰ ਸਿੰਘ ਜੀ ਮਹਿਤਾ ਵਾਲਿਆਂ ਦਾ ਡੇਰਾ, ਸੰਤ ਮੋਹਣ ਸਿੰਘ ਜੀ ਭਿੰਡਰਾਂ ਵਾਲੇ, ਦਮਦਮੀ ਟਕਸਾਲ ਆਦਿ ਦੇ ਵਿਦਵਾਨਾ ਵਿਚ ਕਈ ਸ਼ਬਦ-ਜੋੜਾਂ ਵਿਚ ਮਤ-ਭੇਦ ਹਨ। ਇਨ੍ਹਾਂ ਤੋਂ ਇਲ ਵਾ ਪ੍ਰੋਫੈਸਰ ਸਾਹਿਬ ਸਿੰਘ ਜੀ ਵਲੋਂ ਕੀਤੇ ਟੀਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਗੁਰ ਸੇਵਕ ਸਭਾ ਵਲੋਂ ਕੀਤੇ ਸ਼ਬਦਾਰਥ, ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਮਹਾਨ ਕੋਸ਼, ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਦੀਆਂ ਸੰਥਯਾ ਪੋਥੀਆਂ, ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਪੁਸਤਕ ਗੁਰਬਾਣੀ ਵਿਚ ਲਗਾਂ ਮਾਤਰਾਂ ਦੀ ਵਿਲੱਖਣਤਾ, ਪੰਡਤ ਕਰਤਾਰ ਸਿੰਘ ਜੀ ਦਾਖਾ ਦੇ ਗੁਰਬਾਣੀ ਟੀਕਿਆਂ ਅਤੇ ਹੋਰ ਵਿਦਵਾਨਾਂ ਦੀ ਗੁਰਬਾਣੀ ਦੇ ਸ਼ਬਦ ਜੋੜਾਂ ਬਾਰੇ, ਆਪੋ ਵਿਚ ਇਕ ਸੰਮਤੀ ਨਹੀਂ ਹੈ, ਸਗੋਂ ਕਈ ਮਤ-ਭੇਦ ਹਨ।

ਵਿਦਵਾਨਾਂ ਤੋਂ ਇਲਾਵਾ ਹੁਣ ਤਕ ਜੋ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਥਾਂ ਥਾਂ ਤੋਂ ਛਪ ਰਹੇ ਹਨ, ਉਨ੍ਹਾਂ ਵਿਚਲੇ ਲਗ-ਮਾਤਰੀ ਅਤੇ ਪਾਠ-ਭੇਦਾਂ ਬਾਰੇ ਫ਼ਰਕ ਨੋਟ ਕੀਤੇ ਜਾਣ ਤਾਂ ਕੋਈ ਹਿਸਾਬ ਹੀ ਨਹੀਂ। ਲਗ-ਮਾਤਰੀ ਫ਼ਰਕ ਬਹੁਤ ਹੀ ਜ਼ਿਆ ਦਾ ਮਿਲਦੇ ਹਨ ਅਤੇ ਅਖਰਾਂ ਦੇ ਵਿਭਿੰਨ ਸਰੂਪ ਜੋ ਬਜ਼ਾਰ ਵਿਚ ਛਪ ਰਹੀਆਂ ਬੀੜਾਂ ਵਿਚ ਮਿਲਦੇ ਹਨ, ਵੀ ਏਨੀ ਵਡੀ ਮਾਤ੍ਰਾ ਵਿਚ ਹਨ ਕਿ ਅੰਦਾਜ਼ਾ ਨਹੀਂ। ਬਜ਼ਾਰ ਦੀ ਛਪਾਈ ਤਾਂ ਇਕ ਪਾਸੇ ਰਹੀ, ਸ਼੍ਰੋਮਣੀ ਕਮੇਟੀ ਵਲੋਂ ਹੁਣ ਤਕ ਜੋ ਸਰੂਪ ਸਮੇਂ ਸਮੇਂ ਛਪੇ ਹਨ ਉਹਨਾਂ ਦਾ ਮੰਗਲਾਂ ਨੂੰ ਛਡ ਕੇ ਹੋਰ ਲਗਮਾਤ੍ਰੀ ਬੜਾ ਅੰਤਰ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਨੇ 'ਸ਼ਬਦਾਰਥ' ਵੀ ਚਾਰ ਪੋਥੀਆਂ ਵਿਚ ਛਾਪਿਆ ਹੋਇਆ ਹੈ। ਜਦੋਂ ਇਨ੍ਹਾਂ ਸ਼ਬਦਾਰਥ ਦੀਆਂ ਪੋਥੀਆਂ ਦਾ ਸ਼੍ਰੋਮਣੀ ਕਮੇਟੀ ਵਲੋਂ ਛਪੀਆਂ ਆਦਿ ਬੀੜਾਂ ਨਾਲ ਮਿਲਾਨ ਕੀਤਾ ਜਾਂਦਾ ਹੈ ਤਾਂ ਉਥੇ ਵੀ ਕਈ ਫ਼ਰਕ ਲਭਦੇ ਹਨ। ਹੋਰ ਤਾਂ ਹੋਰ, ਸ਼ਬਦਾਰਥ ਦੀਆਂ ਵਖ ਵਖ ਐਡੀਸ਼ਨਾਂ ਵਿਚ ਵੀ ਕਈ ਲਗ ਮਾਤ੍ਰੀ ਭੇਦ ਮਿਲਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ-ਜੋੜਾਂ, ਲਗਾਂ ਮਾਤਰਾਂ, ਬਿਸਰਾਮਾਂ, ਸਿਰਲੇਖਾਂ ਅਤੇ ਅੰਕੜਿਆਂ ਵਿਚ ਇਹ ਫ਼ਰਕ ਕਿਉਂ ? ਸ਼੍ਰੋਮਣੀ ਕਮੇਟੀ ਦਾ ਸਭ ਤੋਂ ਪਹਿਲਾ ਇਹ ਫ਼ਰਜ਼ ਬਣਦਾ ਹੈ ਕਿ ਇਹ ਫ਼ਰਕ ਖ਼ਤਮ ਕੀਤੇ ਜਾਣ ਅਤੇ ਪੰਥਕ ਤੌਰ ਤੇ ਸਿਖ ਕੌਮ ਦੀਆਂ ਸਮੂੰਹ ਸੰਸਥਾਵਾਂ, ਜੱਥੇਬੰਦੀਆਂ, ਸੰਪ੍ਰਦਾਵਾਂ ਅਤੇ ਭੈ-ਭਾਵਨੀ ਵਾਲੇ ਸੂਝਵਾਨ ਵਿਦਵਾਨਾਂ ਨੂੰ ਸੱਦਾ ਭੇਜ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਜਾਂ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਇਕੱਠਿਆਂ ਕੀਤਾ ਜਾਵੇ ਅਤੇ ਦੀਰਘ ਤੇ ਗੰਭੀਰ ਵਿਚਾਰ ਕਰ ਕੇ ਭੈ-ਭਾਵਨੀ ਵਿਚ ਰਹਿ ਕੇ ਪਾਠ-ਭੇਦਾਂ ਨੂੰ ਇਕ-ਸਾਰ ਕੀਤਾ ਜਾਵੇ। ਨਾਲ ਹੀ ਇਸ ਗੱਲ ਦੀ ਵੀ ਬੜੀ ਲੋੜ ਹੈ ਕਿ ਥਾਂ-ਪਰ-ਥਾਂ ਪ੍ਰਾਈਵੇਟ ਪ੍ਰਕਾਸ਼ਕਾਂ ਦੁਆਰਾ ਛਪ ਰਹੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਸਰਕਾਰੀ ਤੌਰ ਤੇ ਕਾਨੂੰਨ ਬਣਵਾ ਕੇ ਪੂਰਨ ਤੌਰ ਤੇ ਛਪਵਾਈ ਬੰਦ ਕਰਵਾਈ ਜਾਏ। ਪੰਥਕ ਫੈਸਲੇ ਅਨੁਸਾਰ ਇਕੋ ਥਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਇਕੋ ਰੂਪ ਵਿਚ ਹੀ ਪੂਰਨ ਸਤਿਕਾਰ ਸਹਿਤ ਪ੍ਰਕਾਸ਼ਤ ਕਰ ਕੇ, ਭੈ-ਭਾਵਨੀ ਵਿਚ ਰਹਿ ਕੇ ਸੰਗਤਾਂ ਤਕ ਪਹੁੰਚਾਈਆਂ ਜਾਣ।

ਬਾਕੀ ਜੋ ਇਹ ਵਿਚਾਰ ਹੈ ਕਿ ਪਦ-ਛੇਦ ਹੋਣ ਨਾਲ ਪਾਠ ਸਹਿਜੇ ਹੀ ਸ਼ੁੱਧ ਤੇ ਸੁਖਾਲਾ ਹੋ ਜਾਵੇਗਾ, ਇਸ ਦਾ ਜੋ ਅਮਲੀ ਸਿੱਟਾ ਨਿਕਲ ਰਿਹਾ ਹੈ, ਉਹ ਕੌਮ ਲਈ ਬਹੁਤ ਹੀ ਹਾਨੀਕਾਰਕ ਹੈ। ਜੋ ਸਜਣ ਗੁਰਮੁਖੀ ਦੇ ਚਾਰ ਅੱਖਰ ਸਿਖ ਜਾਂਦੇ ਹਨ ਅਤੇ ਸਧਾਰਨ ਪੁਸਤਕਾਂ ਪੜ੍ਹਨ ਜੋਗ ਹੋ ਜਾਂਦੇ ਹਨ, ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਤੇ ਲਾ ਦਿਤਾ ਜਾਂਦਾ ਹੈ। ਇਨ੍ਹਾਂ ਸਜਣਾਂ ਨੂੰ ਗੁਰਬਾਣੀ ਦੀ ਸ਼ਬਦਾਵਲੀ ਦਾ, ਗੁਰਮਤਿ-ਸਿਧਾਂਤਾਂ ਤੇ ਸ਼ੁਧ ਉਚਾਰਨ ਆਦਿ ਦਾ ਰਤਾ ਜਿੰਨਾ ਵੀ ਗਿਆਨ ਨਹੀਂ ਹੁੰਦਾ। ਅਜਿਹੇ ਸਜਣ ਸ਼ੁਧ ਪਾਠ ਕਰਨ ਦੀ ਥਾਂ


www.AKJ.Org

ਐਸੇ ਅਸ਼ੁੱਧ ਪਾਠ ਕਰਦੇ ਹਨ ਜਿਸ ਨਾਲ ਬਾਣੀ ਦਾ ਪ੍ਰਚਾਰ ਨਹੀਂ ਸਗੋਂ ਤ੍ਰਿਸਕਾਰ ਹੁੰਦਾ ਹੈ। ਜਿਵੇਂ ਕਿ ਇਕ ਸਜਣ ਜੀ ਪਦ-ਛੇਦ ਬੀੜ ਤੋਂ ੬੪੪ ਪੰਨੇ ਤੇ ਪਾਠ ਕਰ ਰਹੇ ਸੁਣੇ ਗਏ ਹਨ। ਪਾਠ ਇਉਂ ਹੈ

ਜੀਉ ਵੰਞੈ ਚਉਖੰਨੀਐ ਸਚੇ ਸੰਦੜੈ ਨੇਹਿ ॥

ਨਾਨਕ ਮੇਲੁ ਨ ਚੁਕਈ ਰਾਤੀ ਅਤੈ ਡੇਹ ॥

ਲਾਵਾਂ ਦੁਲਾਵਾਂ ਦੇ ਫ਼ਰਕ ਨਿਖੇੜਨੇ ਅਜਿਹੇ ਪਾਠੀਆਂ ਤੋਂ ਤਾਂ ਔਖੇ ਹੀ ਹਨ, ਪਰ "ਮੇਲੁ" ਪਾਠ ਨੂੰ ਉਹ ਸਜਣ "ਮੈਲੁ" ਪੜ੍ਹ ਰਿਹਾ ਸੀ। ਦਸੋ, ਕਿਥੇ ਪਿਆਰੇ ਵਾਹਿਗੁਰੂ ਜੀ ਦੇ ਮੇਲ ਦਾ ਜ਼ਿਕਰ ਅਤੇ ਕਿਥੇ ਪ੍ਰਭੂ ਤੋਂ ਭੁਲਿਆਂ ਹੋਇਆਂ ਦੀ "ਮੈਲ"। ਅਜਿਹਾ ਅਸ਼ੁੱਧ ਪਾਠ ਕਰਨਾ ਮਹਾਨ ਭੁਲ ਹੈ। ਇਹੋ ਜਿਹੇ ਅਨਾੜੀ ਪਾਠੀ ਹੋਰ ਅਨੇਕਾਂ ਹੀ ਪਾਠਾਂ ਵਿਚ ਭੁਲਾਂ ਕਰਦੇ ਹਨ, ਜਿਨ੍ਹਾਂ ਨਾਲ ਅਰਥਾਂ ਦੇ ਅਨਰਥ ਹੋ ਜਾਂਦੇ ਹਨ।

ਜੇ ਸਾਡੇ ਜ਼ਿਮੇਵਾਰ ਸਜਣ ਇਹ ਕਹਿਣ ਕਿ ਅਜਿਹੇ ਘਟ ਸਮਝ ਵਾਲਿਆਂ ਨੂੰ ਪਾਠ ਤੇ ਨਹੀਂ ਲਾਉਣਾ ਚਾਹੀਦਾ ਅਤੇ ਸਿਖਲਾਈ ਕਰਾ ਕੇ ਚੰਗੇ ਪਾਠੀਆਂ ਨੂੰ ਹੀ ਪਾਠ ਤੇ ਬਿਠਾਣਾ ਚਾਹੀਦਾ, ਤਾਂ ਉਨ੍ਹਾਂ ਦਾ ਇਹ ਕਹਿਣਾ ਦਰੁਸਤ ਨਹੀਂ ਹੋ ਸਕਦਾ। ਪਦ-ਛੇਦ ਬੀੜਾਂ ਛਾਪਣ ਦਾ ਮਤਲਬ ਹੀ ਲੋਕੀ ਇਹ ਸਮਝਦੇ ਹਨ ਕਿ ਘਰ ਦਾ ਹਰੇਕ ਜੀਵ ਅਸਾਨੀ ਨਾਲ ਪਾਠ ਕਰ ਲਵੇ, ਭਾਵੇਂ ਉਹ ਅਰਥਾਂ ਨੂੰ ਅਨਰਥਾਂ ਵਾਲਾ ਹੀ ਪਾਠ ਕਰੀ ਜਾਵੇ। ਇਹ ਬਿਲਕੁਲ ਯਕੀਨੀ ਤੌਰ ਤੇ ਦਰੁਸਤ ਹੈ ਕਿ ਇਸ ਤਰ੍ਹਾਂ ਬੀੜਾਂ ਨੂੰ ਪਦ-ਛੇਦ ਕਰਨ ਨਾਲ ਸ਼ੁੱਧ ਪਾਠ ਕਰਨਾ ਨਹੀਂ ਸਿਖਾਇਆ ਜਾ ਰਿਹਾ, ਸਗੋਂ ਅਸ਼ੁੱਧ ਪਾਠ ਕਰਨ ਵਿਚ ਵਾਧਾ ਕੀਤਾ ਜਾ ਰਿਹਾ ਹੈ।

ਫਿਰ ਇਸ ਗੱਲ ਦਾ ਕੀ ਸਬੂਤ ਹੈ ਕਿ ਸ਼੍ਰੋਮਣੀ ਕਮੇਟੀ ਦੇ ਵਿਦਵਾਨ ਬੈਠ ਕੇ ਜੋ ਪਦ-ਛੇਦ ਕਰ ਰਹੇ ਹਨ, ਉਹ ਦਰੁਸਤ ਹੋਵੇਗਾ। ਉਨ੍ਹਾਂ ਨੇ ਵੀ ਵਖ ਵਖ ਟੀਕਿਆਂ ਅਤੇ ਟਕਸਾਲਾਂ ਆਦਿ ਦੇ ਅਧਾਰ ਤੇ ਆਪਣੀ ਮਨ ਦੀ ਮਤੜੀ ਅਨੁਸਾਰ ਹੀ ਆਪਣੇ ਆਪ ਨਿਰਣੇ ਕਰਨੇ ਹਨ ਅਤੇ ਪਾਠ ਨਿਖੇੜਨੇ ਹਨ। ਜ਼ਰੂਰੀ ਨਹੀਂ ਕਿ ਉਹ ਨਿਰਣੇ ਦਰੁਸਤ ਹੋਣ। ਅਗਾਧ ਬੋਧ ਬਾਣੀ ਦੇ ਪਾਠਾਂ ਬਾਰੇ ਨਿਰਣੇ ਕਰਨੇ ਕਿਸੇ ਇਕੱਲੇ ਦੁਕੱਲੇ ਵਿਅਕਤੀ ਦਾ ਕਾਰਜ ਨਹੀਂ, ਸਗੋਂ ਇਹ ਸਮੁੱਚੇ ਪੰਥ ਦਾ ਮਸਲਾ ਹੈ ਅਤੇ ਇਸ ਨੂੰ ਸਮੁੱਚੇ ਤੌਰ ਤੇ ਗੁਰੂ-ਕਿਰਪਾ ਨਾਲ ਹੀ ਸਹੀ ਰੂਪ ਵਿਚ ਨਜਿਠਣਾ ਬਣਦਾ ਹੈ।

ਸ਼੍ਰੋਮਣੀ ਕਮੇਟੀ ਦੇ ਵਿਦਵਾਨ ਸਜਣ ਜੋ ਇਹ ਸੋਚ ਰਹੇ ਹਨ ਕਿ ਸਤਿਗੁਰੂ ਦੇ ਪਦ-ਛੇਦ ਸਰੂਪ ਛਾਪਣ ਨਾਲ ਸਹਿਜੇ ਹੀ ਹਰੇਕ ਸਜਣ ਅਸਾਨੀ ਨਾਲ ਸ਼ੁਧ ਪਾਠ ਕਰ ਸਕੇਗਾ ਅਤੇ ਇਸ ਤਰ੍ਹਾਂ ਸਿਖੀ ਵਧੇਰੇ ਵਧੇ ਫੁਲੇਗੀ, ਇਹ ਬਿਲਕੁਲ ਭੁਲੇਖਾ ਹੈ। ਉਨ੍ਹਾਂ ਨੂੰ ਇਹ ਭੁਲੇਖਾ ਮਨੋਂ ਕਢ ਦੇਣਾ ਚਾਹੀਦਾ ਹੈ, ਕਿਉਂਕਿ ਇਸ ਸਚਿਆਈ ਨੂੰ ਕੋਈ ਝੁਠਲਾ ਨਹੀਂ ਸਕਦਾ ਕਿ ਜਿਤਨਾ ਜ਼ਿਆਦਾ ਮੁੱਲ ਦਿਤਾ ਜਾਏ ਉਤਨਾ ਵਧੀਆ ਸੌਦਾ ਮਿਲਦਾ ਹੈ। ਇਸੇ ਤਰ੍ਹਾਂ ਇਸ ਗੁਰਸਿਖੀ ਦੇ ਮਾਰਗ ਤੇ ਚਲਣ ਲਈ ਵਧ ਤੋਂ ਵਧ ਮੁੱਲ ਤਾਰਨ ਦੀ ਲੋੜ ਹੈ। ਖੰਡੇਧਾਰ ਗੁਰਸਿਖੀ ਨੂੰ ਪ੍ਰਾਪਤ ਕਰਨ ਲਈ ਪੁਰਾਤਨ ਗੁਰਸਿਖਾਂ ਨੇ ਸਿਰਾਂ ਧੜਾਂ ਦੀਆਂ ਬਾਜ਼ੀਆਂ ਲਾਈਆਂ ਅਤੇ ਗੁਰਬਾਣੀ ਦੀ ਸੂਝ ਬੂਝ ਪ੍ਰਾਪਤ ਕਰਨ ਲਈ ਕਾਫ਼ੀ ਮਿਹਨਤਾਂ ਕੀਤੀਆਂ। ਗੁਰਬਾਣੀ ਦਾ ਪਾਠ ਕਰਨ ਲਈ ਪਹਿਲਾਂ ਪੰਜ ਗ੍ਰੰਥੀ ਤੋਂ ਪਾਠ ਸਿਖਣਾ, ਫਿਰ ਬਾਈ ਵਾਰਾਂ ਅਤੇ ਭਗਤ ਬਾਣੀ ਦੇ ਪਾਠ ਸਿਖਣੇ ਅਤੇ ਉਪਰੰਤ ਜੁੜਵੇਂ ਅਖਰਾਂ ਵਾਲੀਆਂ ਦੋ ਪੋਥੀਆਂ ਤੋਂ ਪਾਠ ਦਾ ਅਧਿਐਨ ਕਰਨਾ। ਤਾਂ ਕਿਤੇ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚਰਨੀਂ ਲਗਣਾ ਅਤੇ ਪਾਠ ਕਰਨਾ ਅਰੰਭ ਕਰਨਾ। ਪਰ ਅੱਜ ਚਾਰ ਜਮਾਤਾਂ ਪੜ੍ਹੇ ਮੁੰਡੇ ਕੁੜੀਆਂ ਨੂੰ ਮਹਾਰਾਜ ਦੀ ਤਾਬਿਆ ਬਿਠਾ ਦਿਤਾ ਜਾਂਦਾ ਹੈ। ਕੀ ਇਸ ਤਰ੍ਹਾਂ ਦੀ ਸਸਤੀ ਤੇ ਸੁਖਾਲੀ ਸਿੱਖੀ ਨਾਲ ਗੁਰਬਾਣੀ ਲਈ ਸਿਦਕ ਪੈਦਾ ਕੀਤਾ ਜਾ ਰਿਹਾ ਹੈ ਜਾਂ ਬੇ-ਸਿਦਕੀ ਤੇ ਬੇ-ਅਦਬੀ ?

ਸ਼੍ਰੋਮਣੀ ਕਮੇਟੀ ਪਦ-ਛੇਦ ਕਰ ਕੇ ਪਾਠਾਂ ਤੇ ਮੋਹਰ-ਛਾਪ ਲਾ ਰਹੀ ਹੈ ਕਿ ਇਹ ਜੋ ਪਾਠ ਅਸੀਂ ਨਿਖੇੜ ਰਹੇ ਹਾਂ, ਇਹ ਸ਼ੁਧ ਰੂਪ ਵਿਚ ਹਨ। ਪਰ



www.AKJ.Org

ਇਸ ਤਰ੍ਹਾਂ ਕਈ ਪਦ-ਛੇਦ ਅਣਜਾਣੇ ਤੇ ਅਭੋਲ ਹੀ ਜੋ ਗਲਤ ਰਹਿ ਜਾਣਗੇ, ਉਹ ਉਸੇ ਅਸ਼ੁੱਧ ਰੂਪ ਵਿਚ ਹੀ ਸੰਗਤਾਂ ਵਿਚ ਪਰਚਲਤ ਹੋ ਜਾਣਗੇ, ਜਿਨ੍ਹਾਂ ਦੇ ਸ਼ੁੱਧ ਹੋਣ ਦਾ ਨਿਰਣਾ ਹੋਣਾ ਦੁਰਾਡੇ ਪੈ ਜਾਵੇਗਾ।

ਸ਼੍ਰੋਮਣੀ ਕਮੇਟੀ ਸਿਖੀ ਨੂੰ ਸੁਖਾਲਿਆਂ ਕਰਦਿਆਂ ਕਰਦਿਆਂ ਕਈ ਰਿਆਇਤਾਂ ਦੇਈ ਜਾ ਰਹੀ ਹੈ। ਪਹਿਲਾਂ ਅੰਮ੍ਰਿਤ-ਸੰਚਾਰ ਸਮਾਗਮ ਵਿਚ ਅਨੰਦ ਸਾਹਿਬ ੪੦ ਪਉੜੀਆਂ ਪੜ੍ਹਨ ਦੀ ਥਾਂ ੫+੧ ਪਉੜੀ ਪੜ੍ਹਨ ਦੀ ਛੋਟ ਦਿਤੀ, ਹਾਲਾਂ ਕਿ ਸਭ ਸੰਪ੍ਰਦਾਵਾਂ ਤੇ ਸੰਸਥਾਵਾਂ ਦੇ ਅੰਮ੍ਰਿਤ-ਸੰਚਾਰੀ ਜੱਥੇ ਪੂਰਾ ਅਨੰਦ ਸਾਹਿਬ ਚਾਲੀ ਪਉੜੀਆਂ ਪੜ੍ਹਦੇ ਹਨ। ਫਿਰ ਅੰਮ੍ਰਿਤ-ਬਾਟਾ ਤਿਆਰ ਕਰਨ ਸਮੇਂ ਪੜ੍ਹੀਆਂ ਜਾਣ ਵਾਲੀਆਂ ਪੰਜੇ ਬਾਣੀਆਂ ਗੁਰਸਿਖਾਂ ਦੇ ਅੰਮ੍ਰਿਤ ਵੇਲੇ ਦਾ ਨਿਤਨੇਮ ਚਲਿਆ ਆ ਰਿਹਾ ਹੈ, ਪਰ ਸਾਡੀ ਕਮੇਟੀ ਨੇ ਗੁਰਸਿਖੀ ਨੂੰ ਸੁਖ-ਰਹਿਣਾ ਬਣਾਉਣ ਲਈ ਤਿੰਨ ਬਾਣੀਆਂ ਸਵੇਰ ਦੀਆਂ, ਇਕ ਸ਼ਾਮ ਦੀ ਅਤੇ ਇਕ ਰਾਤ ਨੂੰ ਸੌਣ ਸਮੇਂ ਦੀ ਰਲਾ ਕੇ ਪੰਜ ਬਾਣੀਆਂ ਕਰ ਦਿਤੀਆਂ ਹਨ। ਕਿਥੇ ਤਾਂ ਗੁਰਸਿਖੀ ਦੇ ਉਹ ਰੰਗੀਲੇ ਤੇ ਚਾਉ-ਚਈਲੇ ਜੀਊੜੇ, ਜੋ ਅੰਮ੍ਰਿਤ ਵੇਲੇ ਉਠ ਕੇ ਨਾਮ ਦੇ ਰੰਗਾਂ ਤਰੰਗਾਂ ਵਿਚ ਰੰਗੀਜਦੇ ਹੋਏ ਨਿਤਨੇਮ ਦੀਆਂ ਪੰਜ ਬਾਣੀਆਂ ਤੋਂ ਇਲਾਵਾ ਸੁਖਮਨੀ ਸਾਹਿਬ, ਸੁਖਮਨਾ ਸਾਹਿਬ, ਦੋਵੇਂ ਬਾਰਹ-ਮਾਹ, ਸਤੇ ਬਲਵੰਡ ਦੀ ਵਾਰ ਅਤੇ ਹੋਰ ਅਨੇਕਾਂ ਬਾਣੀਆਂ ਦੇ ਪਾਠ ਕਰ ਕੇ ਰਜਦੇ ਨਹੀਂ ਸਨ ਅਤੇ ਬਾਣੀ ਦਾ ਰਸ ਲੈ ਲੈ ਖੀਵੇ ਹੋ ਹੋ ਪੈਂਦੇ ਸਨ ਅਤੇ ਕਿਥੇ ਅੱਜ ਦੀ ਸਸਤੀ ਸਿੱਖੀ ਵੰਡਣ ਤੇ ਪ੍ਰਾਪਤ ਕਰਨ ਵਾਲਿਆਂ ਦਾ ਨਿਤਨੇਮ! ਇਨ੍ਹਾਂ ਤਿੰਨਾਂ ਬਾਣੀਆਂ ਦਾ ਨਿਤਨੇਮ ਵੀ ਸ਼ਾਇਦ ਹੀ ਇਨ੍ਹਾਂ ਸੁਖਾਲੀ ਰਹਿਣੀ ਵਾਲੇ ਸਿਖਾਂ ਲਈ ਮੁਸ਼ਕਲ ਹੀ ਹੋਵੇਗਾ। ਅਜਿਹਾ ਕਰਨ ਨਾਲ ਅਸੀਂ ਗੁਰਸਿਖੀ ਦੇ ਅਮਲੀ ਜੀਵਨ ਤੋਂ ਪਰੇਡੇ ਜਾ ਰਹੇ ਹਾਂ ਅਤੇ ਦਿਖਾਵੇ ਵਾਲੀ ਇਸ਼ਤਿਹਾਰੀ ਸਿਖੀ ਦੇ ਨੇੜੇ ਹੁੰਦੇ ਜਾ ਰਹੇ ਹਾਂ।

ਜਦ ਤਕ ਪਾਠ ਜੁੜਤ ਸਰੂਪਾਂ ਤੋਂ ਪੂਰਨ ਸਤਿਕਾਰ, ਭੈ-ਭਾਵਨੀ, ਪੂਰਨ ਮਰਯਾਦਾ ਅਤੇ ਪਵਿਰਤਾ ਨਾਲ ਨਹੀਂ ਕੀਤੇ ਜਾਂਦੇ ਉਨਾ ਚਿਰ ਤਕ ਬਾਣੀ ਦੀ ਪਾਰਸ-ਕਲਾ ਵਰਤ ਹੀ ਨਹੀਂ ਸਕਦੀ। ਅਜ ਕਲ, ਸਸਤੀ ਤੇ ਸੁਖਾਲੀ ਸਿਖੀ ਦੇ ਚਾਹਵਾਨ ਸਿਖ ਵੀਰ ਪਾਠ ਕਰਨ ਲਗਿਆਂ, ਵੇਖੀਦਾ ਹੈ ਕਿ ਨਾ ਪੰਜ ਇਸ਼ਨਾਨਾ ਕਰਦੇ ਹਨ ਅਤੇ ਪੈਰ ਤਕ ਵੀ ਨਹੀਂ ਧੋਂਦੇ, ਸਗੋਂ ਜਿਹੋ ਜਿਹੇ ਬਸਤਰ ਹੁੰਦੇ ਹਨ ਉਨ੍ਹਾਂ ਨਾਲ ਉਸੇ ਤਰ੍ਹਾਂ ਮਹਾਰਾਜ ਜੀ ਦੀ ਤਾਬਿਆ ਜਾ ਬੈਠਦੇ ਹਨ ਅਤੇ ਪਾਠ ਅਰੰਭ ਦਿੰਦੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਮਾਣ ਹੁੰਦਾ ਹੈ ਕਿ ਉਹ ਪਦ-ਛੇਦ ਬੀੜ ਤੋਂ ਸ਼ੁੱਧ ਪਾਠ ਕਰ ਰਹੇ ਹਨ, ਭਾਵੇਂ ਹੁੰਦਾ ਬਿਲਕੁਲ ਇਸ ਤੋਂ ਉਲਟ ਹੈ।

ਬਾਣੀ ਦੀ ਪਾਰਸ-ਕਲਾ ਜੇ ਵਰਤ ਸਕਦੀ ਹੈ, ਤਾਂ ਉਹ ਕੇਵਲ ਜੁੜਤ ਅਖਰਾਂ ਵਾਲੇ ਸਰੂਪ ਤੋਂ ਪਾਠ ਕਰਨ ਨਾਲ ਹੀ ਵਰਤ ਸਕਦੀ ਹੈ। ਜੁੜਤ ਸਰੂਪ ਦੀ ਤਾਬਿਆ ਬੈਠਣ ਵਾਲੇ ਪਾਠੀ ਅੰਦਰ ਭੈ-ਭਾਵਨੀ ਹੋਵੇਗੀ ਅਤੇ ਸਤਿਗੁਰੂ ਦੇ ਚਰਨਾਂ ਵਿਚ ਇਹ ਜੋਦੜੀਆਂ ਕਰਦਾ ਰਹੇਗਾ ਕਿ ਹੇ ਸਰਬੱਗ ਸਤਿਗੁਰੂ! ਆਪ ਇਸ ਅਲਪਗ ਦਾਸਰੇ ਨੂੰ ਸੋਝੀ ਬਖ਼ਸ਼ ਕਿ ਆਪ ਜੀ ਦੀ ਅਗਾਧ ਬੋਧ ਬਾਣੀ ਦਾ ਸੁਧ ਪਾਠ ਕਰ ਸਕੇ। ਆਪ ਹੀ ਰਹਿਨੁਮਾਈ ਕਰੋ ਅਤੇ ਬਾਣੀ ਦੇ ਸ਼ਬਦ-ਜੋੜ ਨਿਖੇੜਨ ਦੀ ਸੂਝ ਬੂਝ ਬਖ਼ਸ਼ੋ। ਇਸ ਤਰ੍ਹਾ ਜੋਦੜੀਆਂ ਤੇ ਭੈ-ਭਾਵਨੀ ਵਿਚ ਰਹਿ ਕੇ ਜੁੜਤ ਅੱਖਰਾਂ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਤੋਂ ਹੀ ਸਹੀ ਅਗਵਾਈ ਮਿਲ ਸਕਦੀ ਹੈ। ਜਿਥੇ ਪਹਿਲਾਂ ਹੀ ਆਪਣੀ ਮਨ ਦੀ ਮਤ ਅਨੁਸਾਰ ਪਦ-ਛੇਦ ਕੀਤਾ ਹੋਵੇਗਾ, ਉਥੇ ਇਹ ਸੁਧ ਪਾਠ ਕਰਨ ਦੀ ਜਾਚਨਾ ਕਿਥੋਂ ਉਪਜੇਗੀ? ਉਸ ਨੇ ਬੇਨਤੀ ਵਿਚ ਕੀ ਜੁੜਨਾ ਹੈ? ਸਗੋਂ ਉਹ ਸੁਧ ਪਾਠ ਕਰ ਸਕਣ ਦੇ ਹੰਕਾਰ ਵਿਚ ਹੀ ਮਤਾ ਰਹੇਗਾ। ਪਦ-ਛੇਦ ਬੀੜਾਂ ਤੋਂ ਹੋ ਰਹੇ ਅਜਿਹੇ ਪਾਠਾਂ ਵਿਚ ਬਾਣੀ ਦੀ ਜੋ ਕਲਾ ਵਰਤਦੀ ਹੈ ਉਹ ਵੀ ਦਰਸ਼ਨ ਕਰ ਵੇਖੋ ਅਤੇ ਜੁੜਤ ਸਰੂਪਾਂ ਤੋਂ ਭੈ-ਭਾਵਨੀ ਸਹਿਤ ਹੋ ਰਹੇ ਪਾਠ ਸਮੇਂ ਜੋ ਪਾਰਸ-ਕਲਾ ਵਰਤਦੀ ਵੇਖੀ



www.AKJ.Org

ਜਾਂਦੀ ਹੈ ਉਸ ਦੇ ਦਲੂਲੇ ਰੰਗ ਵੀ ਮਾਣ ਕੇ ਵੇਖ ਲਵੋ। ਜੁੜਤ ਬੀੜਾਂ ਤੋਂ ਪਾਠ ਕਰਨ ਸਮੇਂ ਅਨੂਪਮ ਖੇਡਾਂ ਹੀ ਵਰਤਦੀਆਂ ਹਨ। ਪਵਿਤਰ ਤੇ ਸਵੱਛ ਅਸਥਾਨ ਤੇ ਸੁੰਦਰ ਵਿਛਾਈ ਕਰ ਕੇ ਜੁੜਤ ਸਰੂਪ ਸਤਿਗੁਰੂ ਜੀ ਦੇ ਪਰਕਾਸ਼ ਹੋਣ, ਪਾਠੀ ਸਿੰਘ-ਸਣ-ਕੇਸੀਂ ਇਸ਼ਨਾਨ ਕਰ ਕੇ ਸਵੱਛ ਬਸਤਰਾਂ ਨਾਲ ਮਹਾਰਾਜ ਦੀ ਹਜ਼ੂਰੀ ਵਿਚ ਹਾਜ਼ਰ ਹੋਣ, ਅਤੇ ਨਿਰਮਾਣ ਨਿਮਰੀਭੂਤ ਹੋ ਕੇ, ਜਾਚਕ ਬਣ ਕੇ ਗੁਰੂ ਪਾਤਸ਼ਾਹ ਦੀਆਂ ਹਾਜ਼ਰੀਆਂ ਭਰਦੇ ਹੋਣ, ਫਿਰ ਉਹ ਕਲਾ ਵਰਤਦੀ ਹੈ ਜੋ ਪੇਖਣ ਸੁਣਨ ਵਿਚ ਨਹੀਂ ਆਉਂਦੀ।

ਇਕ ਸਿੰਘ ਨੇ ਆਪਣੇ ਜੀਵਨ ਦੀ ਇਕ ਘਟਨਾ ਸੁਣਾਉਂਦਿਆਂ ਦਸਿਆ ਕਿ ਇਕੇਰਾਂ ਇਕ ਸ੍ਰੀ ਅਖੰਡਪਾਠ ਸਮੇਂ ਸਿੱਖੀ ਦਾਤ ਦਾ ਭਿਖਾਰੀ ਹੋ ਕੇ ਦਾਸਰਾ ਉਸ ਅਸਥਾਨ ਤੇ ਪੁਜਾ। ਦਾਸ ਕੋਈ ਤਗੜਾ ਪਾਠੀ ਤਾਂ ਹੈ ਨਹੀਂ ਸੀ, ਪਰ ਹਿਰਦੇ ਅੰਦਰ ਬੈਰਾਗ ਸੀ, ਜਾਚਨਾ ਸੀ, ਕੁਝ ਪ੍ਰਾਪਤੀ ਕਰਨ ਦੀ ਲਿਲ੍ਹ ਸੀ। ਦਾਸ ਜੋਦੜੀਆਂ ਕਰਦਾ, ਸਚੇ ਪਾਤਸ਼ਾਹ! ਮੈਂ ਅਨਜਾਣ ਨੂੰ ਕੁਝ ਸਮਝ ਨਹੀਂ, ਨਾ ਹੀ ਪਾਠਾਂ ਦੇ ਨਿਰਣਿਆਂ ਦਾ ਕੋਈ ਗਿਆਨ ਹੈ, ਨਾ ਹੀ ਦਾਸ ਕੋਈ ਟਕਸਾਲੀ ਪਾਠੀ ਹੈ। ਆਪ ਜੀ ਮਿਹਰਾਂ ਕਰੋ ਤੇ ਇਸ ਮੂਰਖ ਨੂੰ ਆਪਣੀ ਕਾਰੇ ਲਾਓ ਅਤੇ ਆਪ ਹੀ ਸੂਝ ਬੂਝ ਬਖਸ਼ ਕੇ ਪਾਠ ਦੇ ਨਿਰਣੈ ਕਰਵਾਓ ਅਤੇ ਬਾਣੀ ਦੇ ਭਾਵਾਂ ਵਿਚ ਲੀਨ ਕਰ ਕੇ ਸੱਚਾ ਸੁੱਚਾ ਰਸ ਬਖ਼ਸ਼ੋ ਜੀ। ਦਾਸ ਬੈਰਾਗ ਵਿਚ ਵਿੰਨ੍ਹਿਆ ਹੋਇਆ ਨਿਰਮਾਣ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਜਾ ਬੈਠਾ ਅਤੇ ਆਪਣਾ ਆਪ ਭੁਲ ਕੇ ਗੁਰੂ-ਪਰਾਇਣ ਹੋ ਗਿਆ। ਗੁਰੂ ਪਾਤਸ਼ਾਹ ਨੇ ਐਸੀ ਕਲਾ ਵਰਤਾਈ ਕਿ ਦਾਸ ਨਿਹਾਲੋ ਨਿਹਾਲ ਹੋ ਗਿਆ ਅਤੇ ਅਸਚਰਜ ਰੂਪ ਵਿਚ ਬਿਸਮਾਦੀ ਰੰਗਾਂ ਵਿਚ ਪਾਠ ਹੋਣ ਲਗਾ। ਦਾਸ ਤਾਬਿਆ ਬੈਠ ਕੇ ਕੀ ਦੇਖਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਕਾਰ ਬਹੁਤ ਹੀ ਵੱਡਾ ਹੋ ਜਾਂਦਾ ਹੈ ਅਤੇ ਸ਼ਬਦਾਂ ਦੇ ਅੱਖਰ ਬਹੁਤ ਮੋਟੇ ਮੋਟੇ ਵੱਡੇ ਅਕਾਰ ਵਿਚ ਹੋ ਕੇ ਅੱਖਾਂ ਅਗੇ ਤੁਰੇ ਆਉਂਦੇ ਹਨ। ਨਾਲ ਨਾਲ ਪਾਠ ਆਪਣੇ ਆਪ ਹੀ ਨਿਖਰ ਕੇ ਸ਼ੁੱਧ ਹੁੰਦਾ ਜਾ ਰਿਹਾ ਹੈ। ਇਹ ਸਭ ਕੁਝ ਸਤਿਗੁਰੂ ਆਪ ਹੀ ਆਪਣੀ ਕਲਾ ਵਰਤਾ ਰਿਹਾ ਸੀ।

ਇਥੇ ਹਉਮੈ ਦੀ ਕੋਈ ਜਾ ਨਹੀਂ। ਸਤਿਗੁਰੂ ਅਗੇ ਨਿਰਮਾਣ ਹੋ ਕੇ ਢਹਿ ਪਵੋ, ਸਤਿਗੁਰੂ ਆਪੇ ਹੀ ਰਾਹ ਦਿਖਾ ਦਿੰਦੇ ਹਨ। ਨਿਰੀਆਂ ਸਾਡੀਆਂ ਸਿਆਣਪਾਂ, ਚਤਰਾਈਆਂ ਤੇ ਵਿਦਵਤਾ ਕੁਝ ਨਹੀਂ ਸਵਾਰ ਸਕਦੀ।

ਜੇ ਸਚਮੁਚ ਸਾਨੂੰ ਇਸ ਗੱਲ ਦਾ ਚਾਅ ਹੈ ਕਿ ਪਾਠੀ ਸਹਿਜੇ ਹੀ ਸ਼ੁੱਧ ਪਾਠ ਕਰਨ ਤਾਂ ਮਹਾਰਾਜ ਦੇ ਸਰੂਪ ਪਦ-ਛੇਦ ਕਰਨ ਨਾਲ ਇਹ ਮਸਲਾ ਨਹੀਂ ਹਲ ਹੋ ਸਕਦਾ। ਸਗੋਂ ਪੁਰਾਤਨ ਸਮਿਆਂ ਵਾਂਗ ਸਿਖਲਾਈ-ਕੇਂਦਰ ਖੋਲ੍ਹੇ ਜਾਣ, ਗੁਰਬਾਣੀ ਦੇ ਗੁਟਕਿਆਂ, ਪੋਥੀਆਂ ਅਤੇ ਸੰਥਾ ਸੈਂਚੀਆਂ ਨਾਲ ਸਭ ਗੁਰਸਿਖਾਂ ਨੂੰ ਪਾਠ-ਭੇਦਾਂ ਤੋਂ ਜਾਣੂ ਕਰਾਇਆ ਜਾਵੇ ਅਤੇ ਸੁਸਿਖਿਅਤ ਕਰ ਕੇ ਗੁਰੂ ਦੇ ਅਖੰਡ ਸਰੂਪ ਦੀ ਚਰਨੀ ਲਾਇਆ ਜਾਵੇ। ਗੁਰਬਾਣੀ ਦੀ ਪਾਰਸ-ਕਲਾ ਕੇਵਲ, ਤੇ ਕੇਵਲ ਇਸੇ ਸ਼ਕਲ ਵਿਚ ਹੀ ਵਰਤ ਸਕਦੀ ਹੈ, ਹੋਰ ਕਿਸੇ ਢੰਗ ਨਾਲ ਨਹੀਂ।

ਪਰ ਇਸ ਦੇ ਬਾਵਜੂਦ ਵੀ ਜੇ ਸ਼੍ਰੋਮਣੀ ਕਮੇਟੀ ਦੇ ਮੁਖੀ ਕੁਝ ਕਰਨਾ ਲੋਚਦੇ ਹਨ ਤਾਂ ਉਨ੍ਹਾਂ ਨੂੰ ਆਪਣੇ ਆਪ ਹੀ ਕੋਈ ਫੈਸਲਾ ਕਰ ਕੇ ਅਮਲ ਕਰਨ ਦਾ ਕੋਈ ਹੱਕ ਨਹੀਂ ਹੈ। ਸ਼੍ਰੋਮਣੀ ਕਮੇਟੀ ਸਮੁੱਚੇ ਪੰਥ ਨੂੰ ਸੱਦਾ ਦੇਵੇ, ਸਮੂਹ ਸਿਖ ਸੰਪ੍ਰਦਾਵਾਂ, ਸੰਸਥਾਵਾਂ, ਅਰਥਾਂ ਦੀਆਂ ਟਕਸਾਲਾਂ ਦੇ ਮੁਖੀਆਂ ਅਤੇ ਕੌਮ ਦੇ ਸਮੂਹ ਵਿਦਵਾਨਾਂ ਨੂੰ ਵਿਚਾਰ ਹਿਤ ਸੱਦਾ ਦੇਵੇ। ਸ੍ਰੀ ਅਕਾਲ ਤਖ਼ਤ ਸਾਹਿਬ ਜਾਂ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸਭਸ ਦਾ ਇਕੱਠ ਕੀਤਾ ਜਾਵੇ ਅਤੇ ਉਸ ਇਕੱਠ ਵਿਚ ਪੂਰਨ ਗੰਭੀਰਤਾ, ਸੰਜੀਦਗੀ ਤੇ ਭੈ ਭਾਵਨੀ ਅੰਦਰ ਰਹਿ ਕੇ, ਗੁਰੂ ਨੂੰ ਹਾਜ਼ਰ ਨਾਜ਼ਰ ਪੇਖ ਕੇ ਸਭ ਫੈਸਲੇ ਕੀਤੇ ਜਾਣ ਅਤੇ ਉਸ ਪੰਥਕ ਇਕੱਠ ਵਿਚ ਜੋ ਵੀ ਫੈਸਲੇ ਕੀਤੇ ਜਾਣ, ਉਹ ਸਰਬ ਸੰਮਤੀ ਨਾਲ ਹੋਣੇ ਚਾਹੀਦੇ ਹਨ। ਬਸ ਇਉਂ ਹੀ



www.AKJ.Org

ਪੰਥ ਦੀ ਅਗਵਾਈ ਵਿਚ ਸਾਡਾ ਕੁਝ ਸੰਵਰ ਸਕਦਾ ਹੈ, ਐਵੇਂ ਨਹੀਂ।

ਅਖੀਰ ਵਿਚ 'ਗੁਰਮਤਿ ਵਿਚਾਰ ਪਤ੍ਰਕਾ' ਦੇ ਇਕ ਅਗਸਤ ੧੯੭੬ ਦੇ ਪਰਚੇ ਵਿਚੋਂ ਇਹ ਪੜ੍ਹ ਕੇ ਪ੍ਰੇਸ਼ਾਨੀ ਹੋਈ ਹੈ ਕਿ "ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ ਟ੍ਰਸਟ" ਅੰਬਾਲਾ ਛਾਉਣੀ ਦੇ ਦਰਦੀ ਸਜਣ ਵੀ ਇਸ ਪਦ-ਛੇਦੀ ਪ੍ਰਾਪੇਗੰਡੇ ਦੇ ਅਸਰ ਨੂੰ ਕਬੂਲ ਰਹੇ ਹਨ ਅਤੇ ਇਸ ਤੋਂ ਪਹਿਲਾਂ ਸਾਨੂੰ ਇਕ ਸਿੰਘ ਵਲੋਂ ਇਕ ਪਤ੍ਰਕਾ ਵੀ ਪੁਜੀ ਹੈ ਕਿ ਮਿਸ਼ਨ ਟ੍ਰਸਟ ਨੇ ਪਦ-ਛੇਦ ਕਰਾਉਣਾ ਅਰੰਭ ਕਰਵਾ ਦਿਤਾ ਹੈ। ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ ਟ੍ਰਸਟ ਦੇ ਜ਼ਿਮੇਵਾਰ ਸਜਣਾਂ ਨੂੰ ਸਨਿਮਰ ਬੇਨਤੀ ਕਰਾਂਗੇ ਕਿ ਪਦ-ਛੇਦ ਕਰਵਾ ਕੇ ਮਹਾਰਾਜ ਦੇ ਸਰੂਪ ਬਿਲਕੁਲ ਨਾ ਛਪਵਾਉਣ। ਜੇ ਇਨ੍ਹਾਂ ਸਜਣਾਂ ਨੇ ਵੀ, ਸਸਤੀ ਸਿਖੀ ਦੇ ਚਾਹਵਾਨ ਸਜਣਾਂ ਦੀ ਖ਼ੁਸ਼ੀ ਪ੍ਰਾਪਤ ਕਰਨ ਲਈ ਪਦ-ਛੇਦ ਕਰ ਕੇ ਬੀੜਾਂ ਛਾਪਣ ਦਾ ਉਪਰਾਲਾ ਕੀਤਾ ਤਾਂ ਉਹ ਸਿਖ ਕੌਮ ਨਾਲ ਭਾਰੀ ਧੱਕਾ ਅਤੇ ਬੇ-ਇਨਸਾਫ਼ੀ ਕਰਨਗੇ। ਨਾਲ ਹੀ ਆਪਣੀ ਸਾਖ ਵੀ ਖ਼ਤਮ ਕਰ ਲੈਣਗੇ।

ਅਸੀਂ ਸਿਖ ਸੰਗਤਾਂ ਪਾਸ, ਹਰੇਕ ਸਿਖ ਮਾਈ ਭਾਈ ਪਾਸ, ਸਮੂਹ ਸਿਖ ਜਥੇਬੰਦੀਆਂ, ਸਿਖ ਸੁਸਾਇਟੀਆਂ, ਗੁਰਦੁਆਰਾ ਕਮੇਟੀਆਂ ਅਤੇ ਸ੍ਰੀ ਗੁਰੂ ਸਿੰਘ ਸਭਾਵਾਂ ਪਾਸ ਪੁਰ-ਜ਼ੋਰ ਅਪੀਲ ਕਰਦੇ ਹਾਂ ਕਿ. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਛਪ ਰਹੇ ਪਦ-ਛੇਦ ਸਰੂਪਾਂ ਬਾਰੇ ਗੰਭੀਰਤਾ ਨਾਲ ਵਿਚਾਰ ਕਰਨ ਅਤੇ ਸ਼੍ਰੋਮਣੀ ਕਮੇਟੀ ਨੂੰ ਹੇਠ ਲਿਖੇ ਭਾਵ ਦੇ ਮਤੇ ਪਾਸ ਕਰ ਕੇ ਭੇਜਣ—

"ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ ਪਦ-ਛੇਦ ਬੀੜ ਛਪਵਾਉਣੀ ਫ਼ੌਰਨ ਬੰਦ ਕਰਵਾ ਦੇਵੇ। ਅਜਿਹਾ ਕਰਨਾ ਸਿਖ ਕੌਮ ਲਈ ਸਖ਼ਤ ਹਾਨੀਕਾਰਕ ਸਾਬਤ ਹੋਵੇਗਾ। ਜੇ ਸ਼੍ਰੋਮਣੀ ਕਮੇਟੀ ਨੇ ਪਦ-ਛੇਦ ਬੀੜਾਂ ਬਾਰੇ ਵੀਚਾਰ ਕਰਨੀ ਹੀ ਹੈ ਤਾਂ ਅਖ਼ਬਾਰਾਂ, ਇਸ਼ਤਿਹਾਰਾਂ ਅਤੇ ਸੱਦਾ-ਪੱਤਰਾਂ ਰਾਹੀਂ ਸਮੂੰਹ ਪੰਥ ਨੂੰ ਸੱਦਾ ਦਿਤਾ ਜਾਏ, ਤਰੀਕ ਤੇ ਥਾਂ ਨੀਯਤ ਕੀਤੀ ਜਾਵੇ ਅਤੇ ਸਮੁੱਚੇ ਪੰਥ ਦੇ ਸਾਹਮਣੇ ਮਾਮਲਾ ਪੇਸ਼ ਕੀਤਾ ਜਾਵੇ। ਪੰਥ ਸਮੁੱਚੇ ਤੌਰ ਤੇ ਜੋ ਫੈਸਲਾ ਕਰੇ, ਉਸ ਅਨੁਸਾਰ ਹੋਣਾ ਚਾਹੀਦਾ ਹੈ।"

—o—

## ਪੁਸਤਕ 'ਦਸਮ ਗ੍ਰੰਥ ਨਿਰਣੈ'

ਹੁਣੇ ਜਿਹੇ ਇਸ ਨਾਂ ਦੀ ਪੁਸਤਕ ਗਿ: ਭਾਗ ਸਿੰਘ ਜੀ ਅੰਬਾਲਾ ਵਲੋਂ ਛਪੀ ਹੈ, ਜਿਸ ਵਿਚ ਲੇਖਕ ਨੇ ਚੌਪਈ (ਹਮਰੀ ਕਰੋ ਹਾਥ ਦੈ ਰਛਾ) ਤੇ ਅਰਦਾਸ ਆਦਿ ਬਾਣੀਆਂ ਨੂੰ ਦਸਮ ਪਾਤਸ਼ਾਹ ਜੀ ਦੀ ਕ੍ਰਿਤ ਨਹੀਂ ਮੰਨਿਆ ਹੈ। ਪੁਸਤਕ ਦੇ ਅੰਤ ਵਿਚ ਜਿਥੇ ਸਹਾਇਤਾ ਕਰਨ ਵਾਲਿਆਂ ਦੀ ਲਿਸਟ ਹੈ, ਉਥੇ ਨਾਲ ਹੀ ਪੁਸਤਕ ਲਿਖਣ ਦੀ ਪ੍ਰੇਰਨਾ ਤੇ ਸਹਾਇਤਾ ਦੇਣ ਵਾਲਿਆਂ ਵਿਚ ਮੁਢਲੇ ਸਜਣ ਭਾਈ ਇੰਦਰ ਸਿੰਘ ਜੀ, ਮੁਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਿਸ਼ਨ ਟ੍ਰਸਟ ਅੰਬਾਲਾ ਛਾਉਣੀ ਦਾ ਉਚੇਚਾ ਜ਼ਿਕਰ ਹੈ। ਅਸਾਂ ਇਸ ਸਬੰਧ ਵਿਚ ਭਾਈ ਇੰਦਰ ਸਿੰਘ ਜੀ ਨੂੰ ਪੁਜ਼ੀਸ਼ਨ ਸਾਫ਼ ਕਰਨ ਲਈ ਬੇਨਤੀ ਕਰ ਭੇਜੀ ਸੀ। ਉਨ੍ਹਾਂ ਨੇ ਉਤਰ ਵਿਚ ਲਿਖਿਆ ਹੈ "ਪੁਸਤਕ ਦੇ ਲੇਖਕ ਨੇ ਚੌਪਈ ਤੇ ਅਰਦਾਸ ਬਾਰੇ ਜੋ ਲਿਖਿਆ ਹੈ, ਇਹ ਉਨ੍ਹਾਂ ਦੀ ਆਪਣੀ ਨਿੱਜੀ ਵਿਚਾਰ ਹੈ। ਅਸੀਂ ਅਤੇ ਕੋਈ ਹੋਰ ਉਨ੍ਹਾਂ ਨਾਲ ਸਹਿਮਤ ਹੋਵੇ ਜਾਂ ਨਾ ਹੋਵੇ, ਇਹ ਸਭ ਦਾ ਨਿਜੀ ਵਿਚਾਰ ਹੈ। ਕਿਸੇ ਇਕ ਵਿਅਕਤੀ ਦੀ ਲਿਖਤ ਸਾਰੇ ਪੰਥ ਤੇ ਠੋਸੀ ਨਹੀਂ ਜਾ ਸਕਦੀ। .... ਇਸ ਪੁਸਤਕ ਦੀ ਲਿਖਾਈ ਅਤੇ ਪ੍ਰੇਰਨਾ ਦੀ ਜ਼ਿਮੇਵਾਰੀ ਮਿਸ਼ਨ ਦੀ ਨਹੀਂ ਹੈ ਅਤੇ ਦਾਸ ਨੇ ਤਾਂ ਨਿਜੀ ਤੌਰ ਤੇ ਉਨ੍ਹਾਂ ਨੂੰ ਚਿੱਠੀ ਲਿਖੀ ਸੀ।...... ਦਾਸ ਰੋਜ਼ਾਨਾ ਚੌਪਈ ਦਾ ਪਾਠ ਕਰਦਾ ਹੈ, ਇਸ ਵਾਸਤੇ ਇਸ ਪੁਸਤਕ ਨਾਲ ਮਿਸ਼ਨ ਦਾ ਕੋਈ ਸੰਬੰਧ ਨਹੀਂ।"

ਭਾਈ ਇੰਦਰ ਸਿੰਘ ਜੀ ਦੇ ਇਸ ਉਤਰ ਨਾਲ ਸਿਖ ਸੰਗਤਾਂ ਦੀ ਤਸੱਲੀ ਨਹੀਂ। ਜਦੋਂ ਪੁਸਤਕ ਦੇ ਅੰਦਰ ਮੁਖੀ ਪ੍ਰੇਰਕ ਤੇ ਸਹਾਇਕ ਦੇ ਤੌਰ ਤੇ "ਮੁਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ ਟ੍ਰਸਟ" ਦਾ ਜ਼ਿਕਰ ਹੈ ਤਾਂ ਟ੍ਰਸਟ ਪੂਰਾ ਜ਼ਿਮੇਵਾਰ ਬਣ ਜਾਂਦਾ ਹੈ। ਭਾਈ ਇੰਦਰ ਸਿੰਘ ਜੀ ਸਪੱਸ਼ਟ ਸ਼ਬਦਾਂ ਵਿਚ ਬਿਆਨ ਦੇਣ ਅਤੇ ਨਿਜੀ ਤੌਰ ਤੇ ਵੀ ਦਿਤੀ ਪ੍ਰੇਰਨਾ ਲਈ ਪ੍ਰਾਸਚਿਤ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ ਟ੍ਰਸਟ ਦੀ ਪੁਜ਼ੀਸ਼ਨ ਸਾਫ਼ ਕਰਨ। ਮਿਸ਼ਨ ਟ੍ਰਸਟ ਦੇ ਮੁਖੀ ਹੋਣ ਦੇ ਨਾਤੇ ਉਹ ਇਸ ਜ਼ਿਮੇਵਾਰੀ ਤੋਂ ਬਚ ਨਹੀਂ ਸਕਦੇ।

www.AKJ.Org

# ਬਾਂਹਿ ਜਿਨ੍ਹਾਂ ਦੀ ਪਕੜੀਏ

[ਵਲੋਂ:-ਕੈਪਟਨ ਸਵਰਨ ਸਿੰਘ ਜੀ ਮੁਖ ਅਧਿਆਪਕ ਗੌ: ਹਾ: ਸਕੂਲ, ਘੜਿਆਲਾ]

ਇਹ ਲੇਖ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਅਦੁੱਤੀ ਤੇ ਬੇਮਿਸਾਲ ਸ਼ਹੀਦੀ ਦੇ ਸੰਬੰਧ ਵਿਚ ਹੈ। ਉਸ ਸਮੇਂ ਹਿੰਦੂ ਜ਼ਾਤੀ ਉਪਰ ਮੁਸਲਮਾਨ ਹਾਕਮਾਂ ਵਲੋਂ ਜ਼ੁਲਮ ਤੇ ਤਸ਼ੱਦਦ ਵਰਤ ਰਿਹਾ ਸੀ। ਇਸ ਭਿਅੰਕਰ ਸਮੇਂ ਗੁਰੂ ਤੇਗ ਬਹਾਦਰ ਸਾਹਿਬ ਨੇ ਮਜ਼ਲੂਮ ਹਿੰਦੂ ਜਨਤਾ ਦੀ ਬਾਂਹ ਫੜੀ ਅਤੇ ਉਨ੍ਹਾਂ ਦੇ ਧਰਮ ਨੂੰ ਬਚਾਉਣ ਖ਼ਾਤਰ ਆਪਣਾ ਬਲੀਦਾਨ ਦਿਤਾ।

ਸਾਡੇ ਕੁਝ ਨਵੇਂ ਇਤਿਹਾਸ-ਖੋਜੀ ਗੁਰੂ ਮਹਾਰਾਜ ਦੀ ਸ਼ਹੀਦੀ ਦੇ ਮੰਤਵ ਨੂੰ ਗਲਤ ਪੇਸ਼ ਕਰ ਰਹੇ ਹਨ। ਇਹ ਲੇਖ ਉਨ੍ਹਾਂ ਦੀਆਂ ਅੱਖਾਂ ਖੋਲ੍ਹਣ ਵਾਸਤੇ ਪਾਠਕਾਂ ਦੇ ਪੇਸ਼ ਕੀਤਾ ਜਾ ਰਿਹਾ ਹੈ।

ਇਸ ਲੇਖ ਦੇ ਪਹਿਲੇ ਹਿੱਸੇ ਵਿਚ ਮੁਸਲਮਾਨਾਂ ਵਲੋਂ ਹਿੰਦੂਆਂ ਉਤੇ ਢਾਹੇ ਗਏ ਜ਼ੁਲਮਾਂ ਦਾ ਨਕਸ਼ਾ, ਮੁਸਲਮਾਨ ਇਤਿਹਾਸਕਾਰਾਂ ਦੇ ਹਵਾਲਿਆਂ ਨਾਲ ਖਿਚਿਆ ਗਿਆ ਹੈ। ਇਸ ਲੇਖ ਦਾ ਜੋ ਦੂਜਾ ਹਿੱਸਾ ਅਗਲੇ ਪਰਚੇ ਵਿਚ ਆ ਰਿਹਾ ਹੈ, ਉਸ ਵਿਚ ਔਰੰਗਜ਼ੇਬ ਦੇ ਜ਼ੁਲਮਾਂ ਅਤੇ ਗੁਰੂ ਮਹਾਰਾਜ ਦੀ ਸ਼ਹੀਦੀ ਦਾ ਮੰਤਵ ਤਾਰੀਖ਼ੀ ਹਵਾਲਿਆਂ ਨਾਲ ਦੇ ਕੇ, ਨਵੀਨ ਖੋਜੀਆਂ ਦੀ ਪੜਚੋਲ ਦਾ ਪੋਲ ਖੋਲ੍ਹਿਆ ਜਾਵੇਗਾ।

—ਸੰਪਾਦਕ

ਜਦ ਮੁਹੀਉਦਦੀਨ (ਔਰੰਗਜ਼ੇਬ) ਨੇ ਅਪਣੇ ਤਿੰਨ ਭਰਾਵਾਂ ਦਾ ਕਤਲ ਕਰ ਕੇ ਅਤੇ ਉਨ੍ਹਾਂ ਦੇ ਬਾਲ ਬੱਚੇ ਤੇ ਹੋਰ ਨਜ਼ਦੀਕੀ ਹੱਕੀਆਂ ਨੂੰ, ਜੋ ਕਿਸੇ ਵੇਲੇ ਵੀ ਤਖ਼ਤ ਦੇ ਦਾਅਵੇਦਾਰ ਹੋ ਸਕਦੇ ਸਨ, ਤਲਵਾਰ ਦੇ ਘਾਟ ਉਤਾਰ ਦਿਤਾ ਅਤੇ ਆਪਣੇ ਪਿਤਾ ਸ਼ਾਹ ਜਹਾਨ ਨੂੰ ਜੇਲ੍ਹ ਵਿਚ ਡੱਕ ਦਿਤਾ ਤਾਂ ਆਪ ਮਹੀਉਦੀਨ ਤੋਂ ਔਰੰਗਜ਼ੇਬ ਆਲਮਗੀਰ ਦਾ ਲਕਬ ਧਾਰਨ ਕਰ ਕੇ ਹਿੰਦੁਸਤਾਨ ਦੇ ਤਖ਼ਤ ਤੇ ਬੈਠਾ। ਜ਼ੁਲਮ ਦੀ ਹਨੇਰੀ ਰਾਤ ਵਿਚ ਇਸਲਾਮ ਦੇ ਜੋਸ਼ ਵਿਚ ਤੁਅੱਸਬੀ ਮੁਲਾਣੇ, ਮੁਫ਼ਤੀ ਤੇ ਕਾਜ਼ੀ ਔਰੰਗਜ਼ੇਬ ਦੇ ਜ਼ੁਲਮ ਦੇ ਮਚਾਏ ਭਾਂਬੜ ਵਿਚ ਹੋਰ ਤੇਲ ਪਾਉਣ ਲਈ ਧਾ ਕੇ ਆਣ ਇਕੱਠੇ ਹੋਏ ਅਤੇ ਅਤਿਆਚਾਰ ਦੀਆਂ ਲਾਟਾਂ ਅਤੇ ਭਾਂਬੜ ਹੋਰ ਤੇਜ਼ ਕਰਨ ਲਈ ਉਸ ਸੰਗਦਿਲ ਤੇ ਤੁਅੱਸਬੀ ਨੂੰ ਧਾਰਮਿਕ ਢਾਸਣੇ ਦੇਣ ਲੱਗੇ। ਕੁਟੰਬ ਦੇ ਕਤਲਾਮ ਨੂੰ ਦਸਿਆ ਗਿਆ ਕਿ ਇਹ ਇਸਲਾਮ ਦੇ ਹਿਤ ਵਿਚ ਹੈ। ਐਸ ਵੇਲੇ ਇਸਲਾਮ ਦੇ ਭਲੇ ਅਤੇ ਵਾਧੇ ਲਈ ਅਜਿਹੇ ਹੀ ਗ਼ਾਜ਼ੀ ਬਾਦਸ਼ਾਹ ਦੀ ਲੋੜ ਹੈ। ਇਸਲਾਮ ਖ਼ਤਰੇ ਵਿਚ ਪੈ ਜਾਂਦਾ ਜੇ ਵਡਾ ਭਰਾ ਦਾਰਾ ਗੱਦੀ ਤੇ ਬੈਠ ਜਾਂਦਾ (ਕਿਉਂਕਿ ਉਹ ਇਕ ਸਾਊ ਸੁਭਾ ਅਤੇ ਦਯਾਵਾਨ ਮਨੁੱਖ ਸੀ?) ਸੁੰਨੀ, ਤੁਅੱਸਬੀ ਮੁਲਾਣਿਆਂ ਤੇ ਮੁਫ਼ਤੀਆਂ ਦੀ ਧਾੜ ਇਹ ਨਹੀਂ ਸੀ ਜਰ ਸਕਦੀ ਕਿ ਰਾਜਸੀ ਸੱਤਾ ਉਸ ਬੰਦੇ ਦੇ ਹੱਥ ਵਿਚ ਹੋਵੇ ਜੋ ਰੱਬ ਤੋਂ ਡਰਨ ਵਾਲਾ ਹੋਵੇ ਅਤੇ ਰੱਬ ਦੇ ਬੰਦਿਆਂ ਤੇ ਤਰਸ ਖਾਣ ਵਾਲਾ ਹੋਵੇ। ਉਨ੍ਹਾਂ ਨੂੰ ਤਾਂ ਇਕ ਖ਼ੂਨਖ਼ਾਰ ਤੇ ਬੇਕਿਰਕ ਬਾਦਸ਼ਾਹ ਚਾਹੀਦਾ ਸੀ, ਜੋ ਉਨ੍ਹਾਂ ਦੇ ਕਲਪੇ ਆਸ਼ੇ ਤੇ ਚਲੇ ਅਤੇ ਗ਼ੈਰ-ਮੁਸਲਮਾਨਾਂ ਨੂੰ ਭਾਰਤ ਵਿਚੋਂ ਖ਼ਤਮ ਕਰ ਦੇਵੇ। ਇਹ ਟੀਚਾ ਪੂਰਾ ਕਰਨ ਵਾਲਾ ਉਨ੍ਹਾਂ ਨੂੰ ਔਰੰਗਜ਼ੇਬ ਮਿਲ ਗਿਆ।

ਔਰੰਗਜ਼ੇਬ ਨੂੰ ਖ਼ੁਦ ਵੀ ਇਕ ਐਸੇ ਧਾਰਮਿਕ ਢਾਸਣੇ ਦੀ ਲੋੜ ਸੀ ਜਿਸਦੇ ਆਸਰੇ ਉਸਦੇ ਰਾਜਸੀ ਅਤਿਆਚਾਰ, ਦੀਨੀ ਸਵਾਬ ਹਾਸਲ ਕਰ ਸਕਣ ਅਤੇ ਇਸਲਾਮ ਦੇ ਵਾਧੇ ਲਈ ਭਲ ਖਟਣ ਦੇ ਉਪਾ ਨਜ਼ਰ ਆਉਣ। ਫਿਰ ਇਹ ਰੋਲ ਅਦਾ ਕਰਨ ਲਈ ਮਾਨਵਤਾ ਦੇ ਵੈਰੀ ਇਨ੍ਹਾਂ ਮੁਲਾਣਿਆਂ ਤੋਂ ਵਧ ਹੋਰ ਕੌਣ ਯੋਗ ਹੋ ਸਕਦਾ ਸੀ? ਇਸ ਜ਼ੁਲਮ ਦੇ ਦੋ ਖ਼ੂਨੀ ਦਰਿਆ, ਖ਼ਿਆਲੋਂ ਵਧ ਭਿਆਨਕ ਰੂਪ ਧਾਰ ਕੇ, ਬਲਹੀਣ ਤੇ ਸੱਤਾਹੀਣ ਹਿੰਦੂ ਸਮਾਜ



www.AKJ.Org

ਨੂੰ ਹਮੇਸ਼ਾ ਲਈ ਗ਼ਰਕ ਕਰ ਦੇਣ ਲਈ ਠਾਠਾਂ ਮਾਰਦੇ ਚੜ੍ਹ ਤੁਰੇ। ਏਸ ਕਾਂਗ ਨੂੰ ਫਿਰ ਡਕਣਾ ਕਿਨ੍ਹੇ ਸੀ? ਇਸ ਹਿੰਦੂ ਸਮਾਜ ਨੂੰ ਬ੍ਰਾਹਮਣੀ ਮਤ ਦੀ ਪੇਚ-ਦੱਰ-ਪੇਚ ਫ਼ਿਲਾਸਫ਼ੀ ਨੇ ਬਲਹੀਣ, ਸਾਹਿਸ-ਹੀਣ, ਅਤੇ ਮਰਦਊ-ਹੀਣ ਬਣਾ ਛਡਿਆ ਸੀ। ਬਾਕੀ ਜੋ ਕਸਰ ਰਹਿੰਦੀ ਸੀ, ਉਹ ਮੁਹੰਮਦ ਬਿਨ ਕਾਸਮ ਤੋਂ ਲੈ ਕੇ ਸ਼ਾਹ ਜਹਾਨ ਤਕ ਜ਼ੁਲਮ ਤੇ ਜਬਰ ਦੇ ਦੌਰ ਨੇ ਕਢ ਦਿਤੀ ਸੀ।

ਮੁਹੰਮਦ ਬਿਨ ਕਾਸਮ ਤੋਂ ਲੈ ਕੇ ਔਰੰਗਜ਼ੇਬ ਦੇ ਗੱਦੀ ਤੇ ਬੈਠਣ ਤਕ ਇਸਲਾਮੀ ਰਾਜ ਨੇ ਆਪਣੀ ਨਿਜੀ ਫੁਟ ਦੇ ਸ਼ਿਕਾਰ ਰਾਜਪੂਤਾ ਅਤੇ ਨਿਮਾਣੇ, ਨਿਰਬਲ, ਅਣਖ-ਹੀਣ ਕੀਤੇ ਹਿੰਦੂਆਂ ਨੂੰ ਕਿਵੇਂ ਅਤਿਆਚਾਰਾਂ ਦੀ ਚੱਕੀ ਵਿਚ ਪੀਸਿਆ, ਇਸ ਖ਼ੂਨੀ ਇਤਿਹਾਸ ਨੂੰ ਇਕ ਵਾਰੀ ਵੇਖ ਲੈਣਾ ਜ਼ਰੂਰੀ ਹੋਵੇਗਾ। ਪੂਰਾ ਵੇਰਵਾ ਦੇਣਾ ਸੰਭਵ ਨਹੀਂ, ਸਿਰਫ਼ ਮਿਸਾਲ ਵਜੋਂ ਕੁਝ ਇਸ਼ਾਰੇ ਹੀ ਕਾਫ਼ੀ ਹਨ :—

(੧) ਮੁਹੰਮਦ ਬਿਨ ਕਾਸਮ ਨੇ ਸਿੰਧ ਨੂੰ ਬਰਬਾਦ ਕੀਤਾ, ਰਾਜਾ ਦਾਹਿਰ ਦੀਆਂ ਦੋ ਜੁਆਨ ਕੁਮਾਰੀਆਂ ਖ਼ਲੀਫ਼ਾ ਦੇ ਹਰਮਾਂ ਵਾਸਤੇ ਭੇਜੀਆਂ ਅਤੇ ਹੋਰ ਹਜ਼ਾਰਾਂ ਅਬਲਾਵਾਂ ਨੂੰ ਦਾਸੀਆਂ ਬਣਾ ਕੇ ਅਰਬ ਦੇ ਬੱਦੂਆਂ ਵਿਚ ਵੰਡੀਆਂ। ਸੋਨਾ ਚਾਂਦੀ ਮਣਾਂ ਦੇ ਹਿਸਾਬ ਵਿਚ ਢੋਇਆ ਗਿਆ।

(੨) ਮਹਿਮੂਦ ਨੇ ਸਤਾਰ੍ਹਾਂ ਵਾਰੀ ਭਾਰਤ ਦੀ ਅਣਖ ਨੂੰ ਵੰਗਾਰਿਆ। ਮੰਦਰ ਢਾਹੇ ਗਏ, ਬੁੱਤ ਤੋੜੇ ਗਏ, ਲਖਾਂ ਦੀ ਗਿਣਤੀ ਵਿਚ ਬੇਦੋਸ਼ੇ ਕਤਲ ਹੋਏ। ਹਜ਼ਾਰਾਂ ਬੇਦੋਸ਼ੀਆਂ ਔਰਤਾਂ ਦੋ ਦੋ ਦੀਨਾਰਾਂ ਤੋਂ ਗਜ਼ਨੀ ਤੇ ਬਗਦਾਦ ਦੇ ਬਜ਼ਾਰਾਂ ਵਿਚ ਵਿਕੀਆਂ। ਖ਼ੁਬਸੂਰਤ ਮੁੰਡੇ ਗੁਲਾਮ ਬਣਾਏ ਗਏ। ਮਹਿਮੂਦ ਇਕੱਲੇ ਨਗਰ ਕੋਟ ਚੋਂ ਹੀ ੯੦੦ ਮਣ ਸੋਨਾ, ੨੦੦੦ ਮਣ ਚਾਂਦੀ ਅਤੇ ੨੦ ਮਣ ਹੀਰੇ ਜਵਾਹਰਾਤ ਲੁਟ ਕੇ ਲੈ ਗਿਆ। ਮਥਰਾ ੨੦ ਦਿਨ ਤਕ ਲੁਟੀਂਦਾ ਰਿਹਾ। ੧੭ ਸਾਲ ਦੀ ਉਮਰ ਤੋਂ ਵਧ ਦੀ ਆਬਾਦੀ ਤੇਗ ਦੇ ਘਾਟ ਉਤਾਰ ਦਿਤੀ ਗਈ।

(੩) ਮੁਹੰਮਦ ਗ਼ੌਰੀ ਨੇ ੧੨ ਵਾਰ ਭਾਰਤ ਵਿਚ ਆ ਕੇ ਖ਼ੂਨ ਦੀ ਹੋਲੀ ਖੇਡੀ, ਜੋ ਇਕ ਲੰਮੀ ਖ਼ੂਨੀ ਦਾਸਤਾਨ ਹੈ। ਇਹ ਜੈ ਚੰਦ ਤੇ ਪ੍ਰਿਥਵੀ ਰਾਜ ਦੀ ਆਪਸੀ ਦੁਸ਼ਮਣੀ ਦਾ ਸਿੱਟਾ ਸੀ।

(੪) ਕੁਤਬ ਦੀਨ ਐਬਕ ਨੇ ਮੇਰਠ ਦੇ ਸਾਰੇ ਮੰਦਰ ਬਰਬਾਦ ਕਰ ਕੇ, ਉਨ੍ਹਾਂ ਦੀ ਥਾਂ ਤੇ ਮਸਜਦਾਂ ਬਣਵਾਈਆਂ। ਜਿਨ੍ਹਾਂ ਨੇ ਇਸਲਾਮ ਨਾ ਕਬੂਲ ਕੀਤਾ, ਉਹ ਤਲਵਾਰ ਦੀ ਭੇਟ ਕਰ ਦਿਤੇ ਗਏ।

(੫) ਇਕੱਲੇ ਕਾਲੰਜਰ ਸ਼ਹਿਰ ਵਿਚ ੧੧੩ ਮੰਦਰ ਢਾਹੇ ਗਏ ਅਤੇ ਮਸਜਿਦਾਂ ਬਣਾਈਆਂ ਗਈਆਂ।

(੬) ਬਾ-ਹਵਾਲਾ ਤਬਕਾਤੇ ਨਾਸਰੀ ਸਫ਼ਾ ੯ – ਬਿਹਾਰ ਦੀ ਫ਼ਤਹ ਵੇਲੇ ਇਕ ਲਖ ਬ੍ਰਾਹਮਣ ਕਤਲ ਕੀਤੇ ਗਏ। ਇਕ ਬੜਾ ਕਦੀਮੀ ਕੁਤਬਖ਼ਾਨਾ (ਪੁਰਾਣੀ ਲਾਇਬ੍ਰੇਰੀ) ਜੋ ਪਟਨਾ ਵਿਖੇ ਸੀ, ਸਾੜ ਕੇ ਸੁਆਹ ਕਰ ਦਿਤਾ ਗਿਆ।

(੭) ਟੈਕਸਲਾ ਤੇ ਨਾਲੰਦਾ ਦੇ ਵਿਦਿਆ ਤੇ ਧਰਮ ਦੇ ਕੇਂਦਰ ਸਾੜ ਕੇ ਸੁਆਹ ਕਰ ਦਿਤੇ ਗਏ।

(੮) ਬਾ-ਹਵਾਲਾ ਤਾਰੀਖ਼ ਮੀਰ ਖ਼ੁਸਰੋ ਸਫ਼ਾ ੮, ੯, ੧੦ ਫ਼ਿਰੋਜ਼ਸ਼ਾਹ ਨੇ ਦਖਣ ਦੇ ਬੇਸ਼ੁਮਾਰ ਮੰਦਰਾਂ ਦੇ ਬੁੱਤ ਤੋੜ ਕੇ ਲਿਆਂਦੇ ਤੇ ਕਿਲ੍ਹੇ ਤੋਂ ਬਾਹਰ ਸੁਟਾ ਦਿਤੇ। ਰੋਜ਼ਾਨਾ ਕਈ ਦਿਨਾਂ ਤਕ ਇਕ ਹਜ਼ਾਰ ਹਿੰਦੂਆਂ ਦੇ ਖ਼ੂਨ ਨਾਲ ਇਨ੍ਹਾਂ ਬੁੱਤਾਂ ਨੂੰ ਇਸ਼ਨਾਨ ਕਰਾਇਆ ਜਾਂਦਾ ਰਿਹਾ। ਮਾਲਵੇ ਦੀ ਫ਼ਤਹ ਵੇਲੇ ਬੇਸ਼ੁਮਾਰ ਲੋਕ ਕਤਲ ਹੋਏ ਅਤੇ ਪਿਛੋਂ ਕਾਲ ਅਤੇ ਬੀਮਾਰੀ ਪੈ ਕੇ ਬਹੁਤ ਸਾਰੇ ਲੋਕ ਮਰ ਗਏ।

(੯) ਬਾ-ਹਵਾਲਾ ਤਜ਼ਕਰਾਤੁਲ ਉਮਰਾ ਮੀਰ ਅਬਦੁਲਾ ਖ਼ਾਂ ਅਤੇ ਤਜ਼ਕਰਾਤੁਲ-ਸਮੱਦ—ਅਲਾਉੱਦੀਨ ਖਿਲਜੀ ਨੇ ਖੰਬਾਇਤ ਦੇ ਇਲਾਕੇ ਵਿਚ ਲਖਾਂ ਹਿੰਦੂਆਂ ਦੇ ਕਤਲ ਨਾਲ ਖ਼ੂਨ ਦੀਆਂ ਨਦੀਆਂ ਵਗਾ ਦਿਤੀਆਂ, ਹਜ਼ਾਰਾਂ ਬੱਚੇ ਗ਼ੁਲਾਮ ਬਣਾਏ। ਲਗ ਪਗ ੨੦ ਹਜ਼ਾਰ ਯੁਵਤੀਆਂ ਦਾਸੀਆਂ ਬਣਾ ਕੇ ਫ਼ੌਜ ਵਿਚ ਵੰਡੀਆਂ ਗਈਆਂ। ਹੁਕਮ ਦਿਤਾ ਕਿ ਹਿੰਦੂਆਂ ਕੋਲ



www.AKJ.Org

ਕੇਵਲ ਤਨ ਦੇ ਲੀੜੇ, ਮਿਟੀ ਦੇ ਭਾਂਡੇ ਤੇ ਛੇ ਮਹੀਨਿਆਂ ਵਾਸਤੇ ਹੀ ਲੋੜੀਂਦਾ ਅਨਾਜ ਰਹਿਣ ਦਿਤਾ ਜਾਵੇ । ਇਸ ਨੇ ਬਗਾਵਤ ਦੇ ਮਾੜੇ ਜਿਹੇ ਸ਼ਕ ਤੇ ਆਪਣੇ ਭਾਈ ਅਤੇ ਭਾਣਜੀ ਦੀ ਜ਼ਿੰਦਾ ਖਲ ਲੁਹਾ ਦਿਤੀ ਅਤੇ ਉਨ੍ਹਾਂ ਦਾ ਮਾਸ ਰਿੰਨ੍ਹ ਕੇ ਉਨ੍ਹਾਂ ਦਿਆਂ ਬੱਚਿਆਂ ਨੂੰ ਜ਼ਬਰਦਸਤੀ ਖੁਆ-ਇਆ । ਉਨ੍ਹੇ ਸ਼ਹਿਰ ਦੌਲਤਾਬਾਦ ਨੂੰ ਇੰਜ ਲੁਟਿਆ ਤੇ ਬਰਬਾਦ ਕੀਤਾ ਕਿ ਕੁੱਤਾ ਬਿਲੀ ਤੱਕ ਵੀ ਜੀਊਂਦੇ ਨਾ ਛੱਡੇ । ਏਥੋਂ ਤਕ ਕਿ ਅੰਨ੍ਹੇ ਲੂਲ੍ਹੇ ਤੇ ਪਿੰਗਲੇ ਘੋੜਿਆਂ ਦੇ ਪਿਛੇ ਬੰਨ੍ਹ ਕੇ ਧੂ ਧੂ ਕੇ ਮਾਰ ਦਿਤੇ । ਵੇਖੋ ਸਫਾ ੯ ਤੋਂ ੨੫ ਤਕ ।

(੧੦) ਬਾ-ਹਵਾਲਾ ਹਿਸਟਰੀ ਆਫ਼ ਇੰਡੀਆ ਲੇਖਕ ਐਲਫ਼ੇਂਸਟਨ, ਸਫਾ ੧੩੪–ਸ਼ਹਿਰ ਪਟਨ ਨੂੰ ਮਿਟੀ ਵਿਚ ਮਿਲਾ ਦਿਤਾ । ਕੋਲਾਂ ਦੇਵੀ ਨੂੰ ਜਬਰਨ ਆਪਣੇ ਹਰਮਾਂ ਵਿਚ ਦਾਖ਼ਲ ਕੀਤਾ ।

(੧੧) ਬਾ-ਹਵਾਲਾ ਅਮੀਰ ਖ਼ੁਸਰੋ :–ਜਲਾਲ ਉੱਦੀਨ ਖ਼ਿਲਜੀ ਨੇ ਮਾਲਵਾ ਤੇ ਗੁਜਰਾਤ ਨੂੰ ਬਰਬਾਦ ਕੀਤਾ । ਹਿੰਦੂਆਂ ਕੋਲ ਸਿਰਫ ਤਨ ਦੇ ਲੀੜੇ ਤੇ ਮਿਟੀ ਦੇ ਭਾਂਡੇ ਰਹਿਣ ਦਿਤੇ ਗਏ । ੨੨ ਹਜ਼ਾਰ ਯੁਵਤੀਆਂ ਤੇ ਜਵਾਨ ਮੁੰਡੇ ਗ਼ੁਲਾਮ ਬਣਾ ਕੇ ਵੰਡੇ ਗਏ । ੧੪ ਹਜ਼ਾਰ ਰਿਸ਼ੀਆਂ ਅਤੇ ਸਾਧੂਆਂ ਦੇ ਸਿਰ ਵਢ ਕੇ ਦਿਲੀ ਦੀਆਂ ਦੀਵਾਰਾਂ ਤੇ ਰਖੇ ਗਏ । ਉਤੇ ਇਕ ਇਕ ਦੀਵਾ ਜਗਾਇਆ ਗਿਆ ਤੇ ਫੇਰ ਸਾਰੇ ਸਿਰ ਜਮਨਾ ਵਿਚ ਸੁਟਵਾ ਦਿਤੇ ਗਏ ।

(੧੨) ਬਾ-ਹਵਾਲਾ ਤਾਰੀਖ਼ ਫ਼ਰਿਸ਼ਤਾ, ਸਫ਼ਾ ੧੨ ਤੋਂ ੧੬ ਤਕ :–ਫ਼ਿਰੋਜ਼ਸ਼ਾਹ ਨੇ ਜਦ ਨਗਰ ਕੋਟ ਤੇ ਕਾਂਗੜ ਵਗੈਰਾ ਨੂੰ ਫ਼ਤਹ ਕੀਤਾ, ਸਾਰੇ ਕੈਦੀ ਤੇ ਸ਼ਹਿਰ ਦੇ ਹਿੰਦੂ ਕਤਲ ਕੀਤੇ ਗਏ । ਬੁੱਤ ਤੋੜੇ ਗਏ । ਬੁੱਤਾਂ ਤੇ ਗਾਂ ਦਾ ਮਾਸ ਲਪੇਟ ਕੇ ਬ੍ਰਾਹਮਣਾਂ ਦੇ ਗਲੀਂ ਪਵਾ ਦਿਤਾ । ਇਹ ਬੁੱਤ-ਪੂਜ ਬ੍ਰਾਹਮਣ ੧੩ ਹਜ਼ਾਰ ਸਨ । ਸਾਰਿਆਂ ਦੇ ਮੂੰਹਾਂ ਵਿਚ ਗਾਂ ਦਾ ਮਾਸ ਦੇ ਕੇ ਕਤਲ ਕੀਤਾ ਗਿਆ । ਸਫ਼ਾ ੧੯ ਵੀ ਨਾਲ ਹੀ ਪੜ੍ਹੋ । ਰਾਣਾ ਮਲ ਭੱਟੀ ਦੀ ਲੜਕੀ ਗਿਆਸਉਲਦੀਨ ਜਬਰਨ ਨਕਾਹ ਕੇ ਲਿਆਇਆ, ਜਿਸ ਦੇ ਪੇਟੋਂ ਫ਼ਿਰੋਜ਼ ਦੀ ਪੈਦਾਇਸ਼ ਹੋਈ । ਏਸ ਰਾਜ ਵੇਲੇ ਜੈਸਲਮੇਰ ਵਿਚ ੮ ਹਜ਼ਾਰ ਤੇ ਬਠਿੰਡੇ ਵਿਚ ੨੪੦੦੦ ਔਰਤਾਂ ਆਪਣੀ ਇਜ਼ਤ ਪਤ ਬਚਾਉਣ ਦੀ ਖ਼ਾਤਰ ਸੜ ਮਰੀਆਂ ।

(੧੩) ਤੈਮੂਰ ਨੇ ਇਲਾਕਾ ਦਿਪਾਲਪੁਰ ਦੇ ੫ ਹਜ਼ਾਰ, ਅਯੁਧਿਆ ਦੇ ੧੪ ਹਜ਼ਾਰ ਤੇ ਬਨਾਰਸ ਦੇ ੨੦ ਹਜ਼ਾਰ ਬੁੱਤ ਪੂਜ ਬ੍ਰਾਹਮਣਾਂ ਨੂੰ ਕਤਲ ਕਰਾਇਆ । ਉਨ੍ਹਾਂ ਦਾ ਬਾਲ ਬੱਚਾ ਤੇ ਔਰਤਾਂ ਫ਼ੌਜੀਆਂ ਵਿਚ ਦਾਸੀਆਂ ਬਣਾ ਕੇ ਵੰਡੀਆਂ । ਸ਼ਹਿਰ ਭਟਨੇਰ ਵਿਚ ੨੯ ਹਜ਼ਾਰ ਹਿੰਦੂਆਂ ਨੂੰ ਮਕਾਨਾਂ ਵਿਚ ਬੰਦ ਕਰ ਕੇ ਅੱਗ ਲਗਵਾਈ । ਜਿਹੜੇ ਬਚ ਕੇ ਨਿਕਲ ਭਜੇ, ਉਨ੍ਹਾਂ ਨੂੰ ਕਤਲ ਕੀਤਾ ਗਿਆ । ਇਸ ਸ਼ਹਿਰ ਨੂੰ ਲੁਟਣ ਤੇ ਸਾੜਨ ਲਈ ਇਕ ਲਖ ਪੰਜਾਹ ਹਜ਼ਾਰ ਤੁਰਕੀ ਤੇ ਮੁਗ਼ਲ ਸਿਪਾਹੀ ਨੀਯਤ ਸਨ । ਦਿਲੀ ਵਿਚ ਉਸ ਨੇ ਬੜੇ ਫ਼ਖ਼ਰ ਨਾਲ ਆਖਿਆ ਸੀ ਕਿ "ਮੈਂ ਹਿੰਦ ਵਿਚ ਹਿੰਦੂਆਂ ਨੂੰ ਲਖਾਂ ਦੀ ਗਿਣਤੀ ਵਿਚ ਕਤਲ ਕੀਤਾ ਹੈ, ਪਰ ਅਜੇ ਵੀ ਆਰਾਮ ਨਾਲ ਬੈਠਣਾ ਮੇਰੇ ਲਈ ਮੁਹਾਲ ਹੈ । ਮੈਂ ਹਿੰਦੂਆਂ ਦੀ ਅਲਖ ਮੁਕਾਉਣ ਆਇਆ ਹਾਂ, ਨਾ ਕਿ ਐਸ਼ ਕਰਨ । (ਐਲਫੇਂਸਟਨ ਦੀ ਹਿਸਟਰੀ ਦਾ ੧੪ ਤੇ ੧੫ ਪੰਨਾ) ।

(੧੪)ਬਾ-ਹਵਾਲਾ ਤੁਜ਼ਕੇ ਬਾਬਰੀ:–ਜੋ ਹਿੰਦੂ ਲੜਾਈ ਵਿਚ ਗ੍ਰਿਫਤਾਰ ਹੁੰਦੇ ਸਨ, ਸਾਰੇ ਕਤਲ ਕੀਤੇ ਜਾਂਦੇ ਸਨ ।

(੧੫) ਮਹਿਮੂਦ ਤੇ ਸ਼ਹਾਬ-ਉੱਦੀਨ ਨੇ ਕਨੌਜ ਨੂੰ ਲੁਟ ਮਾਰ ਕੇ ਤਬਾਹ ਕੀਤਾ । ਇਸ ਦੀ ਬਰਬਾਦੀ ਦੀ ਹਦ ਦਾ ਅੰਦਾਜ਼ਾ ਕਰਨਾ ਔਖਾ ਨਹੀਂ, ਜਦ ਕਿ ਇਸ ਇਕੱਲੇ ਸ਼ਹਿਰ ਵਿਚ ਕਈ ਹਜ਼ਾਰ ਤਕ ਪਨਵਾਰੀਆਂ (ਪਾਨ-ਫ਼ਰੋਸ਼) ਦੀਆਂ ਹੀ ਦੁਕਾਨਾਂ ਸਨ ।



www.AKJ.Org

(੧੬) ਅਮੀਰ ਖ਼ੁਸਰੋ ਲਿਖਦਾ ਹੈ ਕਿ ਸ਼ਹਿਰ ਭਿਲਸਾ ਦਾ ਮੰਦਰ, ਜਿਹੜਾ ੧੦੫ ਗਜ਼ ਉਚਾ ਤੇ ਏਦੂੰ ਅਧਾ ਲੰਮਾ ਤੇ ਚੋੜਾ ਸੀ, ਸ਼ਮਸਉੱਦੀਨ ਨੇ ਢੂਹਾ ਦਿਤਾ ਸੀ। ਇਸ ਨੂੰ ਬਚਾਉਣ ਦੀ ਖ਼ਾਤਰ ਲਖਾਂ ਹਿੰਦੂ ਕਤਲ ਹੋਏ। ਅੰਤ ਨੂੰ ਓਥੇ ਮਸੀਤ ਬਣੀ।

(੧੭) ਬਾ-ਹਵਾਲਾ ਤਾਰੀਖ ਮੀਰ ਮਾਸੂਮ ਸਫ਼ਾ ੧੬ ਤੋਂ ੨੩ ਤਕ:—ਇਸਲਾਮ ਦੇ ਜੇਤੂਆਂ ਹੁਕਮ ਜਾਰੀ ਕੀਤੇ ਕਿ ਕੋਈ ਹਿੰਦੂ ਵਧੀਆ ਕਪੜਾ ਨਾ ਪਾਵੇ ਤੇ ਨਾ ਹੀ ਵਧੀਆ ਖਾਵੇ। ਘੋੜੇ ਤੇ ਨਾ ਚੜ੍ਹੇ, ਸ਼ਸਤਰ ਨਾ ਪਹਿਨੇ, ਕੁਲੇ ਵਾਲੀ ਪਗੜੀ ਨਾ ਬੰਨ੍ਹੇ. ਦੋ-ਮੰਜ਼ਲਾ ਮਕਾਨ ਨਾ ਬਣਾਵੇ। ਟਲੀ, ਸੰਖ, ਘੜਿਆਲ ਨਾ ਵਜਾਇਆ ਜਾਵੇ। ਸੁੰਦਰ ਯੁਵਤੀਆਂ ਤੇ ਯੁਵਕ ਜਵਾਨ ਹੋਣ ਤੇ ਖ਼ੁਦਬਖ਼ੁਦ ਮੌਕੇ ਤੇ ਇਲਾਕੇ ਦੇ ਹਾਕਮ ਨੂੰ ਪੇਸ਼ ਕੀਤੇ ਜਾਣ। ਟੱਟੀ ਦਾ ਮੂੰਹ ਪੱਛਮ ਵਲ ਨਾ ਰਖਿਆ ਜਾਵੇ। ਪਸ਼ੂ, ਖ਼ਾਸ ਕਰ ਗਾਂ ਦੇ ਮਰਨ ਤੋਂ ਪਹਿਲਾਂ ਮਹੱਲੇ ਦੇ ਮੌਲਵੀ ਨੂੰ ਖ਼ਬਰ ਦਿੱਤੀ ਜਾਵੇ। (ਪਸ਼ੂ ਓਸੇ ਘਰ ਵਿਚ ਹੀ ਮਾਰਿਆ ਜਾਂਦਾ। ਹੱਡ, ਖਲ ਹਿੰਦੂਆਂ ਨੂੰ ਆਪ ਚੁਕ ਕੇ ਬਾਹਰ ਸੁਟਣ ਲਈ ਲਿਜਾਣਾ ਹੁੰਦਾ ਸੀ।) ਜੇ ਖ਼ਬਰ ਨਾ ਹੋਵੇ ਤੇ ਪਸ਼ੂ ਮਰ ਜਾਵੇ ਤਾਂ ਕਰੜੀ ਸਜ਼ਾ ਦਿਤੀ ਜਾਂਦੀ ਸੀ। ਜਜ਼ੀਏ ਦੇ ਨਾਲ ਨਾਲ, ਗੰਗਾ-ਇਸ਼ਨਾਨ, ਕੁੰਭ, ਤੇ ਤੀਰਥ ਯਾਤਰਾ ਦੇ ਮਸੂਲ ਲਾਏ ਗਏ ਸਨ। ਤੋਪਾਂ ਢਾਲਣ ਵੇਲੇ ਖ਼ੁਦ-ਬਖ਼ੁਦ ਹਿੰਦੂ ਲੋਕ ਘਰਾਂ ਤੋਂ ਪਿੱਤਲ ਤਾਂਬੇ ਕਾਂਸੀ ਦੇ ਭਾਂਡੇ ਸਰਕਾਰ ਨੂੰ ਪੇਸ਼ ਕਰਨ। ਮੰਦਰ ਢਾਹੁਣ ਦਾ ਸਾਰਾ ਕੰਮ ਕਰਨਾ ਅਤੇ ਉਨ੍ਹਾਂ ਦੀ ਥਾਂ ਮਸੀਤਾਂ ਉਸਾਰਨ ਵੇਲੇ ਸਾਰੀ ਮਜ਼ੂਰੀ ਵਗਾਰ ਦੀ ਸ਼ਕਲ ਵਿਚ ਹਿੰਦੂਆਂ ਦੇ ਜ਼ਿੰਮੇ ਸੀ। ਜੰਗ ਵੇਲੇ ਢੋਆ ਢੁਆਈ ਦਾ ਕੰਮ ਹਿੰਦੂਆਂ ਅਤੇ ਹਿੰਦੂਆਂ ਦੇ ਪਸ਼ੂਆਂ ਤੋਂ ਲਿਆ ਜਾਂਦਾ ਸੀ। ਆਮ ਕਰਮਚਾਰੀਆਂ ਦੀਆਂ ਪਾਲਕੀਆਂ ਆਮ ਹਿੰਦੂ ਚੁਕਦੇ, ਪਰ ਸੱਯਦਾਂ ਦੀਆਂ ਪਾਲਕੀਆਂ ਚੁਕਣ ਲਈ ਬ੍ਰਾਹਮਣ ਲਾਏ ਜਾਂਦੇ ਸਨ। ਇਹ ਸਾਰਾ ਕੰਮ ਵਗਾਰ ਵਿਚ ਲਿਆ ਜਾਂਦਾ ਸੀ।

(੧੮) ਬਾ-ਹਵਾਲਾ ਤਾਰੀਖ ਚੱਚਨਾਮਾ :—ਖ਼ਲੀਫ਼ਾ ਦਾ ਹੁਕਮ ਸੀ ਕਿ ਹਿੰਦੂ ਕਾਫ਼ਰਾਂ ਨੂੰ ਚੈਨ ਨਾ ਲੈਣ ਦਿਉ। ਜਿਥੋਂ ਤਕ ਸੰਭਵ ਹੋਵੇ ਇਸਲਾਮ ਵਿਚ ਲਿਆਵੋ, ਨਹੀਂ ਤਾਂ ਕਤਲ ਕਰ ਦਿਤਾ ਜਾਵੇ।

(੧੯) ਬਾ-ਹਵਾਲਾ ਤਿਮਰ ਨਾਸਕ ਸਫ਼ਾ ੫੮:—ਤੈਮੂਰ ਲਿਖਦਾ ਹੈ ਕਿ ਮੇਰਾ ਹਿੰਦੁਸਤਾਨ ਵਿਚ ਤਕਲੀਫ਼ ਉਠਾ ਕੇ ਆਉਣਾ ਕੇਵਲ ਦੋ ਗੱਲਾਂ ਕਰ ਕੇ ਹੈ। ਇਕ ਤਾਂ ਹਿੰਦੂ ਕਾਫ਼ਰਾਂ ਨੂੰ ਦੀਨ ਇਸਲਾਮ ਵਿਚ ਲਿਆਉਣਾ ਅਤੇ ਦੂਸਰਾ ਜੇ ਕਬੂਲ ਨਾ ਕਰਨ ਤਾਂ ਉਨ੍ਹਾਂ ਦਾ ਮਾਲ ਅਸਬਾਬ ਲੁਟ ਕੇ ਮੁਸਲਮਾਨਾਂ ਨੂੰ ਫ਼ਾਇਦਾ ਪਹੁੰਚਾਉਣਾ।

ਜੇ ਏਦੂੰ ਵੀ ਵਧ ਖ਼ੂਨੀ ਨਜ਼ਾਰੇ ਵੇਖਣੇ ਹੋਣ ਤਾਂ ਮੁਸਲਮਾਨ ਲੇਖਕਾਂ ਦੀਆਂ ਇਹ ਪੁਸਤਕਾਂ ਪੜ੍ਹੋ:—
੧. ਇਬਰਤਨਾਮਾ, ੨. ਸੀਰਉਲ ਮੁਤਾਖ਼ੀਨ—(ਇਹ ਕਿਤਾਬ ਕਾਫ਼ੀ ਮੁਤਅਸਬੀ ਪੱਖ ਤੋਂ ਲਿਖੀ ਗਈ ਹੈ), ੩. ਜ਼ਿਕਰੇ ਗੁਰੂਆਂ, ਅਹਿਵਾਲੇ ਸਿਖਾਂ ਤੇ ਮਜ਼ਹਬੇ ਏਸ਼ਾਂ, ੪. ਦਬਿਸਤਾਨੇ ਮਜ਼ਾਹਬ, ੫. ਮੁਨਤਖ਼ਿਬ-ਉਲ-ਲਬਾਬ, ੬. ਤਾਰੀਖ਼ੇ ਮੁਹੰਮਦ ਸ਼ਾਹੀ, ੭. ਜੰਗ ਨਾਮਾ ਕਾਜ਼ੀ ਨੂਰ ਮੁਹੰਮਦ

ਇਹ ਪੁਸਤਕਾਂ ਪੜ੍ਹਨ ਲਈ ਸਮੇਂ ਤੇ ਦਿਲ ਗੁਰਦੇ ਦੀ ਲੋੜ ਹੈ। ਜੇ ਸਾਰੀ ਤਫ਼ਸੀਲ ਲਿਖੀ ਜਾਵੇ ਤਾਂ ਇਹ ਲੇਖ ਵਿਤੋਂ ਵਧ ਲੰਮਾ ਹੋ ਜਾਵੇਗਾ। ਸਿਰਫ਼ ਚੰਦ ਇਸ਼ਾਰੇ ਹਵਾਲੇ ਵਜੋਂ ਪੇਸ਼ ਕੀਤੇ ਜਾਂਦੇ ਹਨ। ਜ਼ਰਾ ਦਿਲ ਸੰਭਾਲ ਕੇ ਵੇਖੋ ਕਿ ਇਤਿਹਾਸ ਕੀ ਚੀਜ਼ ਪੇਸ਼ ਕਰਦਾ ਹੈ :—

ਹਿਸਟਰੀ ਆਫ਼ ਇੰਡੀਆ ਲਿਖਤ ਐਲ-ਫ਼ੈਂਸਟਨ, ਸਫ਼ਾ ੪੬੧ ਤੋਂ ੪੬੩ :—ਸਿੰਧ ਦੀ ਜਿਤ ਪਿਛੋਂ ਕਾਸਮ ਨੇ ਕਿਹਾ ਕਿ ਸਾਰੇ ਬ੍ਰਾਹਮਣਾਂ ਦੇ ਖ਼ਤਨੇ (ਸੁੰਨਤ) ਕਰ ਦਿਉ। ਜਦ ਉਨ੍ਹਾਂ ਇਨਕਾਰ ਕੀਤਾ ਤਾਂ ੧੬-੧੭ ਸਾਲ ਦੀ



www.AKJ.Org

ਉਮਰ ਤੋਂ ਥਲੇ ਵਾਲੇ ਛਡ ਕੇ ਸਭ ਕਤਲ ਕਰ ਦਿੱਤੇ ਗਏ। ਬਾਕੀ ਦਾਸ ਤੇ ਗ਼ੁਲਾਮ ਬਣਾ ਕੇ ਬਗ਼ਦਾਦ ਵਲ ਤੋਰੇ ਗਏ।

ਇਹੋ ਤਵਾਰੀਖ਼ ੪੯੫ ਸਫ਼ਾ, ਫਿਰ ਤਾਰੀਖ ਰਾਜਸਥਾਨ ਲਿਖਤ ਟਾਡ ਸਾਹਿਬ, ਜਿਲਦ ਨੰਬਰ ੧, ਸਫ਼ਾ ੩੨੭ ਤਰਜਮਾ ਤਵਾਰੀਖ ਫ਼ਰਿਸ਼ਤਾ ਜਿਲਦ ਨੰਬਰ ੪, ਸਫ਼ਾ ੪੦੯, ਇਹੋ ਪੁਸਤਕ ਸਫ਼ਾ ੪੯੩ ਅਤੇ ੫੩੦–੫੩੫ ਮਥਰਾ ਵਿਚ ਕੀ ਵਾਪਰਿਆ, ਇਸਦਾ ਸਫਾ ੫੩੬। ਮਹਾਂ ਬਨ ਦੀ ਬਰਬਾਦੀ ਏਸੇ ਪੁਸਤਕ ਦੇ ਸਫ਼ਾ ੫੪੩ ਤੇ ਵੇਖੋ। ਸੋਮਨਾਥ ਦਾ ਵਾਕਿਆ ਤਫ਼ਸੀਲ ਸਹਿਤ ਦਰਜ ਹੈ ਸਫ਼ਾ ੫੫੭ ਤੋਂ ੫੬੦ ਤਕ।

ਹਿਸਟਰੀ ਆਫ਼ ਇੰਡੀਆ ਬਾਈ ਪ੍ਰਾਈਸ ਸਾਹਿਬ ਵਿਚ ਕਰਤਾ ਲਿਖਦਾ ਹੈ–"ਮਹਿਮੂਦ ਦੇ ਗੁਨਾਹ ਕਦੇ ਨਾ ਮੁਆਫ਼ ਕੀਤੇ ਜਾਣ ਵਾਲੇ ਗੁਨਾਹ ਹਨ।"

ਐਲਫ਼ੈਂਸਟਨ ਸਾਹਿਬ ਦੀ ਪੁਸਤਕ ਸਫ਼ਾ ੫੯੭ ਤੋਂ ੬੦੧ :–ਅਜਮੇਰ ਦੀ ਬਰਬਾਦੀ ਅਤੇ ਗਖੜਾਂ ਦੀ ਤਬਾਹੀ।

ਤਵਾਰੀਖ਼ ਰਾਜਿਸਥਾਨ ਟਾਡ ਸਾਹਿਬ ਦੁਆਰਾ ਰਾਜਿਸਥਾਨ ਦੇ ਰਾਹ ਖ਼ੂਨ ਨਾਲ ਰੰਗੇ ਗਏ।

ਐਲਫੈਂਸਟਨ ਸਫ਼ਾ ੬੧੯ :–ਮੇਵਾੜ ਵਿਚ ਲਖਾਂ ਦੇ ਕਤਲੇ ਆਮ। ਸਫ਼ਾ ੬੩੯–ਦੇਵਗੜ੍ਹ ਦੀ ਲੁਟ ਤੇ ਬਰਬਾਦੀ, ਰਤਨ ਬਹੋਰ ਦੀ ਜਿਤ ਪਿਛੋਂ ਰਾਜਾ ਸਮੇਤ ਖ਼ਾਨਦਾਨ ਬਾਜ਼ਾਰ ਵਿਚ ਕਤਲ ਕੀਤਾ ਗਿਆ। ਫਿਰ ਚਿਤੌੜ ਵਿਚ ਖ਼ਿਲਜੀ ਤੋਂ ਬਚਣ ਲਈ ਹਜ਼ਾਰਾਂ ਔਰਤਾਂ ਸੜ ਮਰੀਆਂ। ਦੇਵਲ ਦੇਵੀ ਵੀ ਸੜ ਮਰੀ। ਇਹੋ ਕਿਤਾਬ ੬੫੨ ਸਫ਼ਾ–ਮੁਬਾਰਕ ਸ਼ਾਹ ਖਿਲਜੀ ਨੇ ਦੇਵਗੜ੍ਹ ਦੇ ਰਾਜਾ ਹਰਪਾਲ ਦੇਵ ਦੀ ਜੀਊਂਦੇ ਦੀ ਖਲ ਲੁਹਾਈ। ਫਿਰ ਵੇਖੋ ੬੬੦ ਤੋਂ ੬੭੬ ਸਫ਼ਾ–ਤੈਮੂਰ ਨੇ ਤੁਲੰਬਾ ਸ਼ਹਿਰ ਦੀ ਸਾਰੀ ਆਬਾਦੀ ਕਤਲ ਕਰਵਾ ਦਿਤੀ। ਏਸੇ ਤਰ੍ਹਾਂ ਭਟਨੇਰ ਦੀ ਵੀ ਸਾਰੀ ਦੀ ਸਾਰੀ ਆਬਾਦੀ ਕਤਲ ਕੀਤੀ ਗਈ। ੬੭੬ ਪੰਨੇ ਪਰ ਦਰਜ ਹੈ ਕਿ ਕਤਲੇ ਆਮ ਨਾਲ ਦਿਲੀ ਸ਼ਹਿਰ ਦੇ ਬਾਜ਼ਾਰ ਲਾਸ਼ਾਂ ਨਾਲ ਭਰ ਗਏ ਅਤੇ ਰਸਤੇ ਬੰਦ ਹੋ ਗਏ। ਸਫ਼ਾ ੬੮੩ ਤੋਂ ੬੮੫ ਲਾਹੌਰ ਦੀ ਤਬਾਹੀ। ਸਫ਼ਾ ੭੦੧ ਤੋਂ ੭੦੮ ਮੈਵਾੜ ਤੇ ਚੰਦੇਰੀ ਵਿਚ ਬਾਬਰ ਦੀ ਮਚਾਈ ਹੋਈ ਭਿਆਨਕ ਤਬਾਹੀ। ਸਫ਼ਾ ੭੪੯, ੮੧੩; ੮੪੨ ਤੇ ੮੪੩–ਇਹਨਾਂ ਸਫ਼ਿਆਂ ਵਿਚ ਰੌਂਘਟੇ ਖੜੇ ਕਰ ਦੇਣ ਵਾਲੇ ਖ਼ੂਨੀ ਸਾਕੇ ਵਰਨਣ ਹਨ। ਥਾਂ ਦੀ ਘਾਟ ਕਰਕੇ ਸਾਰਾ ਵੇਰਵਾ ਦਿਤਾ ਨਹੀਂ ਜਾ ਸਕਦਾ। [ਬਾਕੀ ਅਗਲੇ ਪਰਚੇ ਵਿਚ

---

## ਯਮੁਨਾ ਨਗਰ ਵਿਖੇ ਰੈਣ ਸਬਾਈ ਕੀਰਤਨ

ਸ: ਸਤਵੰਤ ਸਿੰਘ ਜਸਪਾਲ ਸਿੰਘ, ਨੇੜੇ ਰੇਲਵੇ ਫਾਟਕ, ਯਮੁਨਾ ਨਗਰ ਇਤਲਾਹ ਦਿੰਦੇ ਹਨ ਕਿ ੨੫ ਸਤੰਬਰ ਸ਼ਨੀਵਾਰ ਦੀ ਰਾਤ ਨੂੰ ਗੁਰਦਵਾਰਾ ਸਤਪੁਰਾ ਮਾਡਲ ਟਾਊਨ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਲਾਭ ਉਠਾਓ ਜੀ। ਦਰਸ਼ਨ ਅਭਿਲਾਖੀ–ਅਖੰਡ ਕੀਰਤਨੀ ਜੱਥਾ, ਜਮਨਾ ਨਗਰ, ਜਗਾਧਰੀ

---

## ਆਗਰੇ ਵਿਖੇ ਅਖੰਡ ਕੀਰਤਨ ਸਮਾਗਮ

ਅਕਤੂਬਰ ੨੧ ਤੋਂ ੨੪ ਸਵੇਰ ਤਕ ਹੋ ਰਹੇ ਹਨ। ਵੇਰਵੇ ਸਹਿਤ ਪ੍ਰੋਗਰਾਮ ਅਗਲੇ ਪਰਚੇ ਵਿਚ।

---

**ਪਾਠਕ ਸਜਣੋ ! ਮਨੀਆਰਡਰ ਤੇ ਚਿਠੀ ਭੇਜਣ ਸਮੇਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ। ਚਿਟ ਨੰਬਰ ਨਾ ਹੋਣ ਕਰਕੇ ਸਾਨੂੰ ਬੜੀ ਮੁਸ਼ਕਲ ਪੇਸ਼ ਆਉਂਦੀ ਹੈ। ਹਰ ਮਹੀਨੇ ਪਰਚੇ ਉਪਰ ਲਿਖੇ ਐਡਰੈਸ ਨਾਲ ਚਿਟ ਨੰਬਰ ਲਿਖਿਆ ਹੁੰਦਾ ਹੈ।**



www.AKJ.Org

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਲਮ ਸਾਖੀਆਂ

[ਵਲੋਂ—ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ]

**੨. ਸ਼ਾਹ ਭੀਖ ਦੀ ਸਾਖੀ—**

ਇਕ ਮੁਸਲਮਾਨ ਫ਼ਕੀਰ ਰੱਬ ਦੀ ਬੰਦਗੀ ਕਰਨ ਵਾਲਾ ਓਸ ਸਮੇਂ ਹੋਇਆ ਹੈ । ਇਹਦੇ ਵੱਡੇ ਕੁਹੜਾਮ ਪਿੰਡ ਦੇ ਸਨ । ਆਪ ਸਿਆਣੇ ਪਿੰਡ ਵਿਚ ਰਹਿੰਦੇ ਸੀ, ਜੋ ਕੈਂਥਲ ਦੇ ਲਾਗੇ ਕਰਨਾਲ ਦੇ ਜ਼ਿਲੇ ਵਿਚ ਹੈ । ਜਦੋਂ ਪਟਣੇ ਵਿਚ ਗੁਰੂ ਗੋਬਿੰਦ ਸਿੰਘ ਜੀ ਪ੍ਰਗਟ ਹੋਏ ਤਾਂ ਸ਼ਾਹ ਭੀਖ ਸਮਾਧੀ ਲਾ ਕੇ ਰੱਬ ਜੀ ਦੇ ਧਿਆਨ ਵਿਚ ਜੁੜਿਆ ਬੈਠਾ ਸੀ । ਇਸ ਨੂੰ ਇਕ ਚਾਨਣਾ ਦਿੱਸਿਆ । ਇਸ ਨੇ ਡਿੱਠਾ ਕਿ ਏਸ ਚਾਨਣੇ ਵਿਚ ਇਕ ਬੜੇ ਉੱਚੇ ਮਹਾਂ ਪੁਰਖ, ਜੋ ਉਨ੍ਹਾਂ ਦੇ ਪੈਗ਼ੰਬਰਾਂ ਤੋਂ ਬੀ ਵਡੇ ਹਨ, ਧਰਤੀ ਉਤੇ ਆਏ ਹਨ । ਫੇਰ ਇਸ ਨੇ ਇਹ ਬੀ ਵੇਖ ਲਿਆ ਕਿ ਓਹ ਪਟਣੇ ਸ਼ਹਿਰ ਵਿਚ ਫਲਾਣੇ ਮਕਾਨ ਵਿਚ ਉਤਰੇ ਹਨ । ਇਹ ਬੀ ਦੇਖ ਲਿਆ ਕਿ ਓਹ ਲੋਕਾਂ ਨੂੰ ਸੁਖ ਦੇਣ ਵਾਸਤੇ ਤੇ ਜ਼ੋਰਾਵਰਾਂ, ਡਾਢਿਆਂ ਤੇ ਧੱਕੇ ਕਰਨ ਵਾਲਿਆਂ ਨੂੰ ਸੋਧਣ ਆਏ ਹਨ, ਅਰਥਾਤ ਸਿੱਧੇ ਰਸਤੇ ਪਾਉਣ ਲਈ ਆਏ ਹਨ । ਸੋ ਸ਼ਾਹ ਭੀਖ ਨੂੰ ਪਿਆਰ ਆ ਗਿਆ ਤੇ ਕਈ ਸੌ ਮੀਲ ਦਾ ਸਫ਼ਰ ਕਰ ਕੇ ਪਟਣੇ ਪਹੁੰਚ ਪਿਆ । ਜਾ ਗੁਰੂ ਘਰ ਦੀ ਡਿਉਢੀ ਵਿਚ ਅਲਖ ਜਗਾਈ । ਘਰ ਦੇ ਰਾਖੇ ਚੋਬਦਾਰ ਨੇ ਪੁੱਛਿਆ:—ਸਾਈਂ ਲੋਕ ਜੀ ! ਕੀਕੂੰ ਆਏ ਹੋ ? ਤਾਂ ਉਸ ਨੇ ਆਖਿਆ—ਸਾਹਿਬਜ਼ਾਦੇ ਦੇ ਦਰਸ਼ਨ ਨੂੰ ਆਇਆ ਹਾਂ । ਮੈਂ ਆਪਣੇ ਧਿਆਨ ਵਿਚ ਵੇਖਿਆ ਹੈ ਕਿ ਬੜੇ ਤੇਜ ਵਾਲੇ ਆਏ ਹਨ ।

ਘਰ ਵਿਚ ਪਹਿਲਾਂ ਤਾਂ ਮਾਮਾ ਜੀ ਤੇ ਹੋਰਨਾਂ ਨੇ ਸ਼ੁਬ੍ਹਾ ਕੀਤਾ ਕਿ ਇਹ ਕੋਈ ਗੁੱਝਾ ਵੈਰੀ ਨਾ ਹੋਵੇ, ਪਰ ਫੇਰ ਤਸੱਲੀ ਆ ਗਈ ਤਾਂ ਇਕ ਡੇਉਢੀ ਵਿਚ ਦੀਵਾਨ ਲਾ ਕੇ ਸੁਹਣੇ ਬਾਲਕ ਨੂੰ ਮਾਮਾ ਜੀ ਲੈ ਆਏ । ਹੋਰ ਸਿੱਖ ਸੰਗਤ ਬੀ ਆ ਜੁੜੀ ਸੀ । ਸ਼ਾਹ ਭੀਖ ਨੇ ਦਰਸ਼ਨ ਕਰ ਕੇ ਮੱਥਾ ਟੇਕਿਆ, ਚਰਨ ਅੱਖਾਂ ਨੂੰ ਲਾਏ । ਫੇਰ ਦੋ ਨਿੱਕੀਆਂ ਮਟਕੀਆਂ ਮਠਿਆਈ ਦੀਆਂ ਅੱਗੇ ਕੀਤੀਆਂ† । ਇਨ੍ਹਾਂ ਦੋਹਾਂ ਉਤੇ ਸੁਹਣੇ ਬਾਲਕੇ ਨੇ ਆਪਣੇ ਹੱਥ ਲਾ ਦਿੱਤੇ । ਸਾਰੇ ਦੇਖਣ ਵਾਲੇ ਹੈਰਾਨ ਹੋ ਗਏ । ਸ਼ਾਹ ਭੀਖ ਨੇ ਕਿਹਾ: 'ਧੰਨ ਹੋ' 'ਧੰਨ ਹੋ !' ਫਿਰ ਮੱਥਾ ਟੇਕਿਆ ਤੇ ਜੋ ਕੁਛ ਭੇਟਾ ਚੜ੍ਹਾਉਣ ਵਾਸਤੇ ਲਿਆਇਆ ਸੀ, ਅੱਗੇ ਧਰ ਦਿੱਤੀਆਂ । ਫੇਰ ਮੱਥਾ ਟੇਕ ਕੇ ਤੇ ਮਾਮਾ ਜੀ ਨੂੰ ਸ਼ੁਕਰ ਸ਼ੁਕਰ ਆਖ ਕੇ ਅਦਬ ਨਾਲ ਬਾਹਰ ਆ ਗਿਆ । ਬਾਹਰ ਆਏ ਨੂੰ ਉਸ ਦੇ ਮੁਰੀਦਾਂ ਨੇ, ਅਰਥਾਤ ਚੇਲਿਆਂ ਨੇ ਪੁੱਛਿਆ—ਆਪ ਜੀਉ ਮਠਿਆਈਆਂ ਦੀਆਂ ਦੋਵੇਂ ਮਟਕੀਆਂ ਮੋੜ ਲਿਆਏ, ਇਹ ਨਾ ਭੇਟਾ ਕੀਤੀਆਂ ? ਤਾਂ ਸ਼ਾਹ ਭੀਖ ਕਹਿਣ ਲਗਾ—ਮੈਂ ਤਾਂ ਇਹ ਪਰਖਣ ਵਾਸਤੇ ਕੀਤੀਆਂ ਸਨ ਅੱਗੇ । ਮੇਰੀ ਪੁੱਛ ਸੀ ਕਿ ਤੁਸੀਂ ਜੋ ਬੜੇ ਤੇਜ ਵਾਲੇ ਆਏ ਹੋ, ਕਿਸ ਨੂੰ ਰਖੋਗੇ, ਕਿਸ ਨੂੰ ਮਾਰੋਗੇ ? ਹਿੰਦੂਆਂ ਨੂੰ ਕਿ ਮੁਸਲਮਾਨਾਂ ਨੂੰ ? ਜਦ ਸਾਹਿਬਜ਼ਾਦੇ ਬੜੇ ਤੇਜ ਵਾਲੇ ਨੇ ਦੁਇ ਹੱਥ ਦੁਹਾਂ ਨੂੰ ਛੁਹਾ ਦਿੱਤੇ ਤਾਂ ਮੈਂ ਸਮਝ ਗਿਆ ਕਿ ਆਖਦੇ ਹਨ ਅਸੀਂ ਨਾ ਹਿੰਦੂ ਦਾ, ਨਾ ਮੁਸਲਮਾਨ ਦਾ ਨਾਸ਼ ਕਰਨਾ ਹੈ, ਅਸਾਂ ਤਾਂ ਜ਼ੁਲਮ ਦਾ ਨਾਸ਼ ਕਰਨਾ ਹੈ । ਸਾਡਾ ਵੈਰ ਕਿਸੇ ਨਾਲ ਬੀ ਨਹੀਂ । ਸੁਣੋ ਮੇਰੇ ਮੁਰੀਦੋ ! ਇਸ ਬਾਲਕੇ ਨੂੰ ਰੱਬ ਜੀ ਨੇ ਘੱਲਿਆ ਹੈ, ਸਾਰੇ ਅਦਬ ਕਰੋ ਤੇ ਮੱਥਾ ਟੇਕੋ ।

ਇਸ ਤਰ੍ਹਾਂ ਸ਼ਾਹ ਭੀਖ ਦਰਸ਼ਨ ਕਰ ਕੇ ਆਪਣੇ ਦੇਸ਼ ਮੁੜ ਆਇਆ ।

[ਮੇਜਰ ਪ੍ਰੇਮ ਸਿੰਘ ਜੀ ਮੈਂਬਰ ਭਾਈ ਵੀਰ ਸਿੰਘ ਜੀ ਸਾਹਿੱਤ ਸਦਨ ਦਿਲੀ ਦੀ ਆਗਿਆ ਅਨੁਸਾਰ ਧੰਨਵਾਦ ਸਹਿਤ

---

†ਸੂਰਜ ਪ੍ਰਕਾਸ਼ ਵਿਚ ਦੋ ਘੜੀਆਂ ਮਠਿਆਈ ਦੀਆਂ ਲਿਖੀਆਂ ਹਨ । ਇਉਂ ਬੀ ਪ੍ਰਸਿੱਧ ਹੈ ਕਿ ਇਕ ਕੁਜੀ ਵਿਚ ਦੁੱਧ ਇਕ ਵਿਚ ਪਾਣੀ ਸੀ । ਤਵਾਰੀਖ਼ ਖ਼ਾਲਸਾ ਨੇ ਇਹ ਸਾਖੀ ਲਖਨੌਰ ਹੋਈ ਲਿਖੀ ਹੈ ।



www.AKJ.Org

# ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਲਮ ਸਾਖੀਆਂ

[ਵਲੋਂ—ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ]

### ੩. ਬਾਲ ਚੋਜ—

ਏਸ ਤਰ੍ਹਾਂ ਰੱਬ ਦੇ ਦਰੋਂ ਆਇਆ ਇਹ ਬਾਲਕਾ ਤ੍ਰੈ ਵਰਿਹਾਂ ਦਾ ਹੋ ਗਿਆ। ਹੁਣ ਗੱਲਾਂ ਬੀ ਕਰਨ ਲਗ ਪਿਆ, ਖੇਡਣ ਬੀ ਲਗ ਪਿਆ। ਪਰ ਇਸ ਦੀ ਖੇਡ਼ ਕੋਈ ਵੱਖਰੀ ਹੀ ਹੁੰਦੀ ਸੀ। ਭੈਣ ਕੋਈ ਗੱਲਾਂ ਕਰੇ, ਕਹਾਣੀਆਂ ਨਿੱਕੀਆਂ ਨਿੱਕੀਆਂ ਪਾਵੇ ਤਾਂ ਇਹ ਸੁਣਦਾ ਸੁਣਦਾ ਵਿਚ ਵਿਚ ਕਹਿ ਜਾਵੇ: ਹਾਂ ਹੈਗਾ ਏ, ਹੈਗਾ ਏ। ਕਦੇ ਕਦੇ ਕਹਿ ਜਾਵੇ—ਵੇਖਨਾ, ਔਹ ਵੇਖਨਾ, ਕੀ ਏ? ਉਹੋ ਏ, ਓਹੋ। ਫੇਰ ਹੱਥਾਂ ਨੂੰ ਉੱਚਾ ਕਰੇ ਤੇ ਆਖੇ ਓਹੋ ਏ, ਓਹੋ ਏ। ਇਸ ਤਰ੍ਹਾਂ ਖੇਡਾਂ ਤੇ ਚੋਚਲੀਆਂ ਗੱਲਾਂ ਵਿਚ ਕੁਛ ਕੁਛ ਕਹਿ ਜਾਵੇ, ਜੋ ਘਰ ਵਾਲੇ ਸਮਝਣ ਨਾ ਕਿ ਕੀਹ ਆਖਦਾ ਏ।

ਹੁਣ ਇਹ ਬਾਲਕਾ ਟੁਰਨ ਵੀ ਲਗ ਪਿਆ, ਪਰ ਵਿਹੜੇ ਵਿਚ ਕਿ ਮਾਂ ਦੇ ਦਲਾਨ ਵਿਚ ਟੁਰਦਾ ਟੁਰਦਾ ਕਦੇ ਬੈਠ ਜਾਵੇ, ਚੌਂਕੜੀ ਮਾਰ ਲਵੇ ਤਾਂ ਅੱਖਾਂ ਮੀਟ ਲਵੇ। ਫੇਰ ਕੁਛ ਚਿਰ ਮਗਰੋਂ ਅੱਖਾਂ ਖੋਹਲ ਕੇ ਹੱਸ ਪਵੇ ਤੇ ਆਖੇ—ਹਾਂ ਜੀਓ! ਫੇਰ ਬਾਲਾਂ ਨਾਲ ਖੇਡ ਵਿਚ ਪਰਚ ਜਾਵੇ। ਘਰ ਆ ਜਾਏ ਕੋਈ ਬਾਲ ਉਸਨੂੰ ਟੁੱਕਰ ਦੇ ਦੇਵੇ, ਮੱਖਣ ਅਗੇ ਰਖ ਦੇਵੇ। ਮਾਂ ਜੋ ਖਿਡਾਉਣੇ ਲਿਆ ਦੇਵੇ, ਭੈਣ ਜੋ ਗੁਡੀ ਪਟੋਲੇ ਆਪਣੇ ਦੇ ਦੇਵੇ ਤਾਂ ਇਹ ਅਨੋਖਾ ਬਾਲ ਘਰ ਆਏ ਬਾਲਾਂ ਨੂੰ ਵੰਡ ਦਿਆ ਕਰੇ। ਹੋਰਨਾਂ ਬਾਲਾਂ ਵਾਂਙੂ ਮੇਰੇ ਮੇਰੇ ਕਰਕੇ ਖਿਡਾਉਣਿਆ ਨੂੰ ਨਾ ਚੰਬੜੇ।

ਜੇ ਭੈਣ ਗੁੱਡੀ ਗੁੱਡਾ ਅੱਗੇ ਲਿਆ ਰਖੇ ਤੇ ਆਖੇ ਆ ਵੀਰ ਖੇਡੀਏ, ਤਾਂ ਗੁੱਡੀ ਗੁੱਡੇ ਨੂੰ ਲੰਮਾ ਪਾ ਕੇ ਆਖੇ—ਬੋਲ ਨਾ! ਬੋਲ ਬੀ! ਆਖ ਨਾ ਓਹੋ। ਜਦ ਗੁੱਡੀ ਗੁੱਡਾ ਨਾ ਬੋਲਣ ਤਾਂ ਭੈਣ ਨੂੰ ਆਖੇ:— ਬੋਲਦੇ ਨਹੀਂ।

### ੪. ਬਾਲਪਨੇ ਵਿਚ ਦਾਨ ਸੁਭਾਵ—

ਏਸ ਤਰ੍ਹਾਂ ਕਰਦਿਆਂ ਇਹ ਸੋਹਣੇ ਬਾਲਕੇ ਜੀ ਪੰਜਾਂ ਛਿਆਂ ਵਰਿਹਾਂ ਦੀ ਉਮਰਾ ਦੇ ਹੋ ਗਏ। ਹੁਣ ਘਰੋਂ ਬਾਹਰ ਵੀ ਫਿਰ ਟੁਰ ਆਉਂਦੇ। ਗੱਲਾਂ ਬੀ ਸੁਹਣੀਆਂ ਕਰਦੇ। ਬਾਹਰ ਗਿਆਂ, ਕਈ ਤ੍ਰੀਮਤਾਂ, ਕਈ ਮਰਦ ਖੜਾ ਕਰ ਲੈਂਦੇ ਤੇ ਕੁਛ ਪੁੱਛਦੇ। ਜੋ ਉੱਤਰ ਆਪ ਜੀ ਦੇਂਦੇ, ਸੁਣ ਕੇ ਸਾਰੇ ਹਰਿਆਨ ਹੋ ਜਾਂਦੇ, ਕਿਉਂ ਜੁ ਆਪ ਜੀ ਗੱਲਾਂ ਵੱਡਿਆਂ ਮਨੁੱਖਾਂ ਵਾਂਙੂ ਕਰਦੇ। ਲੋਕੀ ਕਹਿੰਦੇ ਕਿੱਡੀ ਛੋਟੀ ਉਮਰਾ ਹੈ ਤੇ ਗੱਲਾਂ ਕੇਡੀਆਂ ਅਕਲ ਦੀਆਂ ਕਰਦਾ ਹੈ। ਕਈ ਵੇਰ ਲੋਕੀ ਉਨ੍ਹਾਂ ਦੀ ਗੱਲ ਨੂੰ ਸਮਝਦੇ ਹੀ ਨਾ। ਆਪ ਗੱਲਾਂ ਕਰਦੇ 'ਸੋਈ ਸੋਈ' ਕਰਦੇ ਨੱਠ ਜਾਂਦੇ। ਲੋਕੀ ਨਾ ਸਮਝਦੇ 'ਸੋਈ ਸੋਈ' ਕੀਹ ਆਖਦਾ ਹੈ ਤੇ 'ਓਹੋ ਹੈ, ਓਹੋ ਹੈ' ਕੀਹ ਬੋਲ ਜਾਂਦਾ ਹੈ। ਹੁਣ ਜਿਉਂ ਜਿਉਂ ਵਡੇ ਹੋਣ, ਗੱਲਾਂ ਵਿਚ ਗੱਲਾਂ ਕਰ ਜਾਣ, ਜੋ ਸਮਝੇ ਪੈ ਜਾਣ ਤੇ ਓਹ ਗੱਲਾਂ ਰੱਬ ਜੀ ਦੀਆਂ ਹੁੰਦੀਆਂ ਸਨ। ਲੋਕੀ ਸੁਣਨ ਵਾਸਤੇ ਤਾਂਘ ਕਰਦੇ ਰਹਿਣ। ਜਦ ਬਾਹਰ ਵਣਾਂ ਬੂਟਿਆਂ ਹੇਠ ਆ ਬੈਠਣ ਤਾਂ ਲੋਕੀ ਦੁਆਲੇ ਝੁਰਮਟ ਪਾ ਬੈਠਣ ਤੇ ਗੱਲਾਂ ਪੁੱਛਣ ਤੇ ਸੁਣ ਸੁਣ ਕੇ ਹਰਿਆਨ ਵੀ ਹੋਵਣ ਤੇ ਖ਼ੁਸ਼ੀ ਵੀ ਹੋਣ। ਗੁਰੂ ਜੀ ਦੀ ਪੁਰਾਤਨ ਜਨਮਸਾਖੀ ਵਿਚ ਲਿਖਿਆ ਹੈ: "ਵਡਾ ਹੋਆ ਤਾਂ ਲੱਗਾ ਗੱਲਾਂ ਅਗਮ ਨਿਗਮ ਦੀਆਂ ਕਰਨ।"

ਹੁਣ ਇਸ ਬਾਲਕ ਵਿਚ ਹੋਰ ਗੱਲ ਆ ਗਈ। ਜੇ ਬਾਹਰ ਜਾਵੇ ਤੇ ਹੱਥ ਵਿਚ ਕੋਈ ਚੀਜ਼ ਹੋਵੇ ਤੇ ਕੋਈ ਮੰਗੇ ਤਾਂ ਝਟ ਦੇ ਦੇਵੇ। ਇਕ ਦਿਨ ਆਪ ਇਕ ਗੜਵੀ ਲਈ ਜਾ ਰਹੇ ਸਨ। ਇਕ ਸਾਧੂ ਨੇ ਕਿਹਾ: ਬਾਲਕੇ! ਮੇਰੇ ਪਾਸ ਪਾਣੀ ਪੀਣ ਨੂੰ ਭਾਂਡਾ ਨਹੀਂ ਹੈ, ਇਹ ਗੜਵੀ ਮੈਨੂੰ ਦੇ ਦੇ। ਬਾਲਕੇ ਨੇ ਝਟ ਦੇ ਦਿਤੀ। ਇਸਤਰ੍ਹਾਂ ਘਰ ਦੀਆਂ ਕਿੰਨੀਆਂ ਚੀਜ਼ਾਂ ਲੋੜਵੰਦਾਂ ਨੂੰ ਦੇ ਦਿੱਤੀਆਂ। ਮਾਂ ਦਾ ਪਿਆਰ ਬੜਾ ਸੀ, ਬੜਾ ਲਾਡ ਕਰਦੀ ਸੀ, ਪਰ ਇਹ ਗੱਲਾਂ ਵੇਖ ਕੇ ਘਬਰਾਉਂਦੀ ਸੀ। ਫੇਰ ਸੋਚਦੀ ਸੀ ਕਿ ਕੋਈ

[ਬਾਕੀ ਦੇਖੋ ਸਫ਼ਾ ੪੧ ਦੇ ਹੇਠ]



www.AKJ.Org

# ਬੀਬੀ ਅਮਰੋ ਜੀ

[ ਵਲੋਂ :—ਸ: ਵਰਿਆਮ ਸਿੰਘ ਜੀ. ਗਾਂਧੀ ਨਗਰ, ਦਿੱਲੀ–੩੧ ]

ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਗ੍ਰੰਥ ਵਿਚ ਲਿਖਦੇ ਹਨ—

ਸ੍ਰੀ ਗੁਰ ਅੰਗਦ ਕੀ ਸੁਤਾ ਬੀਬੀ ਅਮਰੋ ਨਾਮ ॥ ਭਗਤਿ ਧਾਰ ਬਪੁ ਆਪਨੋਂ ਉਪਜੀ ਸਤਿਗੁਰ ਧਾਮ ॥੧॥

ਬੀਬੀ ਅਮਰੋ ਜੀ ਗੁਰੂ ਅੰਗਦ ਸਾਹਿਬ ਜੀ ਦੀ ਸਪੁੱਤਰੀ ਸੀ । ਸਿੱਖੀ ਜੀਵਨ ਦਾ ਇਕ ਸੁੰਦਰ ਨਮੂਨਾ ਸੀ । ਆਪ ਗੁਰੂ ਘਰ ਵਿਚ ਪਲੇ ਅਤੇ ਵੱਡੇ ਹੋਏ । ਬਚਪਨ ਤੋਂ ਆਪ ਨੂੰ ਨਾਮ ਬਾਣੀ ਦੀ ਅਜਿਹੀ ਗੁੜ੍ਹਤੀ ਮਿਲੀ, ਜੋ ਜੀਵਨ ਨੂੰ ਦਿਨ ਬਦਿਨ ਸੇਵਾ ਸਿਮਰਨ ਵਿਚ ਰੰਗਦੀ ਗਈ । ਆਪ ਨੂੰ ਗੁਰਬਾਣੀ ਨਾਲ ਹੱਦੋਂ ਵੱਧ ਪਿਆਰ ਸੀ । ਗੁਰਬਾਣੀ ਪੜ੍ਹਦੀ ਹੋਈ ਕਦੀ ਅੱਕਦੀ ਥੱਕਦੀ ਨਹੀਂ ਸੀ । ਮਾਤਾ ਖੀਵੀ ਜੀ ਨੇ ਬੀਬੀ ਅਮਰੋ ਜੀ ਨੂੰ ਗੁਰਬਾਣੀ ਦੇ ਅਰਥ ਸੁਣਾ ਸੁਣਾ ਕੇ ਪੂਰਾ ਪਰਬੀਨ ਕਰ ਦਿੱਤਾ ਸੀ ਅਤੇ ਉਸ ਨੂੰ ਦ੍ਰਿੜ੍ਹ ਕਰਵਾ ਦਿੱਤਾ ਸੀ ਕਿ ਤੇਰੇ ਜੀਵਨ ਦਾ ਇਹੋ ਨਿਸ਼ਾਨਾ ਹੋਣਾ ਚਾਹੀਦਾ ਹੈ ਅਤੇ ਤੂੰ ਸਦਾ ਹੀ ਗੁਰਬਾਣੀ ਦੇ ਅਸੂਲਾਂ ਨੂੰ ਅਪਣਾਉਂਦੇ ਹੋਏ ਅਗਾਂਹ ਵਧਣਾ ਹੈ । ਇਸ ਨਾਲ ਹੀ ਤੇਰੇ ਪਿਤਾ ਜਾਂ ਜਗਤ-ਗੁਰੂ ਦੀ ਮਹਾਨ ਖ਼ੁਸ਼ੀ ਪਰਾਪਤ ਕੀਤੀ ਜਾ ਸਕਦੀ ਹੈ ।

ਇਉਂ ਬੀਬੀ ਅਮਰੋ ਜੀ ਦੀ ਹਰ ਘੜੀ ਤੇ ਹਰ ਪਲ ਨਾਮ ਦੀ ਮਸਤੀ ਵਿਚ ਹੀ ਬੀਤ ਰਿਹਾ ਸੀ ।

ਬੀਬੀ ਅਮਰੋ ਦਾ ਵਿਆਹ (ਗੁਰੂ) ਅਮਰਦਾਸ ਜੀ ਦੇ ਭਤੀਜੇ ਨਾਲ ਕੀਤਾ ਗਿਆ । ਸਹੁਰੇ ਘਰ ਜਾ ਕੇ ਵੀ ਬੀਬੀ ਅਮਰੋ ਨੇ ਆਪਣਾ ਨਾਮ-ਬਾਣੀ ਦਾ ਨਿਤਨੇਮ ਜਾਰੀ ਰਖਿਆ । ਇਸ ਭਗਤੀ ਮਾਰਗ ਵਿਚ ਬੀਬੀ ਨੂੰ ਅਜਿਹਾ ਸਵਾਦ ਆਉਂਦਾ ਸੀ ਕਿ ਬਾਕੀ ਦੇ ਸਭ ਸਵਾਦ ਫਿੱਕੇ ਦਿਖਾਈ ਦਿੰਦੇ ਸਨ । ਗੁਰਬਾਣੀ ਵਿਚ ਕਿਆ ਸੋਹਣੇ ਸ਼ਬਦ ਆਏ ਹਨ :—

ਮੀਠੇ ਹਰਿ ਗੁਣ ਗਾਉ ਜਿੰਦੂ ਤੂੰ, ਮੀਠੇ ਹਰਿ ਗੁਣ ਗਾਉ ॥ ਸਚੇ ਸੇਤੀ ਰਤਿਆ, ਮਿਲਿਆ ਨਿਥਾਵੇ ਥਾਉ ॥੧॥ਰਹਾਉ॥ ਹੋਰਿ ਸਾਦ ਸਭਿ ਫਿਕਿਆ, ਤਨੁ ਮਨੁ ਫਿਕਾ ਹੋਇ ॥ ਵਿਣੁ ਪਰਮੇਸਰ ਜੋ ਕਰੇ, ਫਿਟੁ ਸੁ ਜੀਵਣੁ ਸੋਇ॥੧॥ [ਗਉੜੀ ਮਾਝਮਹਲਾ ੫,੨੧੮

ਅਤੇ—ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ ॥ ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ ॥ ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ ॥ ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥ ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ ॥੩੨॥ [ਰਾਮਕਲੀ ਮਹਲਾ ੩ ਅਨੰਦ

(ਗੁਰੂ) ਅਮਰ ਦਾਸ ਜੀ ਗੁਰੂ-ਦਰਬਾਰ ਵਿਚ ਆਉਣ ਤੋਂ ਪਹਿਲਾਂ ਸੱਚ ਦੀ ਖੋਜ ਵਿਚ ਕਰਮ-ਕਾਂਡਾਂ ਵਿਚ ਫਸ ਕੇ ਤੀਰਥਾਂ ਆਦਿ ਤੇ ਭਰਮਣ ਕਰਦੇ ਰਹੇ ਅਤੇ ਸਾਲ ਦੇ ਸਾਲ ਉਹ ਹਰਿਦੁਆਰ ਗੰਗਾ-ਇਸ਼ਨਾਨ ਲਈ ਸੰਗ-ਸਾਥ ਦੇ ਨਾਲ ਜਾਂਦੇ ਰਹੇ । ਇਸ ਤਰ੍ਹਾਂ ਆਪ ਨੇ ੨੧ ਵਾਰੀ ਹਰਿਦੁਆਰ ਜਾ ਕੇ ਗੰਗਾ ਦਾ ਇਸ਼ਨਾਨ ਕੀਤਾ ਸੀ । ਆਪਣੀ ਉਮਰ ਵਿਚੋਂ ਇਸ ਤਰ੍ਹਾਂ ੨੧ ਸਾਲ ਲੰਘਾ ਦੇਣੇ ਕੋਈ ਮਾਮੂਲੀ ਜਿਹੀ ਗੱਲ ਨਹੀਂ । ਇਤਨਾ ਕੁਝ ਕਰਨ ਦੇ ਬਾਵਜੂਦ ਵੀ ਇਨ੍ਹਾਂ ਦੇ ਮਨ ਨੂੰ ਸ਼ਾਂਤੀ ਨਾ ਆਈ । ਕਿਸੇ ਨੇ ਇਥੋਂ ਤਕ ਕਹਿ ਦਿੱਤਾ ਸੀ ਕਿ ਇਹ ਨਿਗੁਰਾ ਹੈ । ਇਸ ਦਾ ਸਾਥ ਕਰਨਾ ਵੀ ਬੁਰਾ ਹੈ । ਇਹ ਸ਼ਬਦ ਕਾਹਦੇ ਸਨ, ਹਿਰਦੇ ਨੂੰ ਤੀਰ ਵਾਂਗ ਵਿੰਨ੍ਹ ਗਏ । ਆਪ ਨੇ ਪੱਕ ਕਰ ਲਿਆ ਕਿ ਗੁਰੂ ਜ਼ਰੂਰੀ ਧਾਰਨ ਕਰਨਾ ਹੈ, ਕਿਉਂਕਿ ਗੁਰੂ ਬਿਨਾਂ ਕਿਤੇ ਟਿਕਾਣਾ ਨਹੀਂ ।



www.AKJ.Org

(ਗੁਰੂ) ਅਮਰਦਾਸ ਜੀ ਦਾ ਪਿੰਡ ਬਾਸਰਕੇ ਸੀ। ਬੀਬੀ ਅਮਰੋ ਜੀ ਇਨ੍ਹਾਂ ਦੇ ਭਤੀਜੇ ਨਾਲ ਵਿਆਹੇ ਹੋਏ ਸਨ। ਇਸ ਨਾਤੇ ਇਹ ਗੁਰੂ ਅੰਗਦ ਸਾਹਿਬ ਜੀ ਦੇ ਕੁੜਮ ਲਗਦੇ ਸਨ। ਪਰ ਕਰਮ-ਕਾਂਡੀ ਜੀਵਨ ਦਾ ਪਰਦਾ ਜੋ ਦਿਮਾਗ਼ ਉਤੇ ਤਣਿਆ ਹੋਇਆ ਸੀ, ਉਸ ਕਰਕੇ ਗੁਰੂ ਸਾਹਿਬ ਨੂੰ ਪਹਿਚਾਣ ਨਾ ਸਕੇ। ਰਿਸ਼ਤੇਦਾਰੀ ਦੇ ਮਾਣ ਵਿਚ ਮਸਤ ਰਹੇ। ਆਪ ਦਾ ਭਤੀਜਾ, ਜੋ ਸਿੱਖੀ-ਸ਼ਰਧਾ ਨਾਲ (ਅਜੇ ਨਵਾਂ ਨਵਾਂ ਹੀ) ਨਕੋ ਨਕ ਭਰਪੂਰ ਹੋ ਚੁਕਾ ਸੀ, ਉਸ ਵੱਲ ਕਦੇ ਧਿਆਨ ਨ ਪਿਆ।

ਬੀਬੀ ਅਮਰੋ ਜੀ ਰੋਜ਼ਾਨਾ ਗੁਰਬਾਣੀ ਦਾ ਪਾਠ ਬੜੀ ਮਿੱਠੀ ਲੈਅ ਵਿਚ ਕਰਦੇ ਸਨ। ਇਹ ਪਾਠ ਹੁਣ ਜਦੋਂ ਇਕ ਦਿਨ (ਗੁਰੂ) ਅਮਰਦਾਸ ਜੀ ਦੀ ਕੰਨੀਂ ਪਿਆ ਤਾਂ ਮਨ ਧੂਹਿਆ ਗਿਆ। ਮਨ ਵਿਚ ਐਸੀ ਖਿੱਚ ਪਈ ਕਿ ਕਈ ਵਾਰੀ ਬੀਬੀ ਅਮਰੋ ਜੀ ਪਾਸ ਆ ਕੇ ਗੁਰਬਾਣੀ ਸੁਣਨੀ।

ਸ: ਅਵਤਾਰ ਸਿੰਘ ਜੀ ਬੇਦੀ ਆਪਣੀ ਪੁਸਤਕ 'ਦਸ ਗੁਰੂ ਪਰਸੰਗ' ਦੇ ਪੰਨਾ ੨੯ ਤੇ ਇਸ ਘਟਨਾ ਦਾ ਇਉਂ ਵਰਨਣ ਕਰਦੇ ਹਨ :—

ਸ੍ਰੀ ਗੁਰੂ ਅੰਗਦ ਦੀ ਪੁਤਰੀ ਅਮਰ ਬੀਬੀ,
ਅਮਰਦਾਸ ਸਤਿਗੁਰਾਂ ਦੀ ਨੂੰਹ ਹੈਸੀ।
ਧਰਮਵਾਨ ਧਰਮਾਤਮਾ ਭਜਨ ਮੂਰਤ,
ਸੂਰਤ ਭਗਵਤੀ ਦੀ ਹੂ ਬਹੂ ਹੈਸੀ।
ਪ੍ਰਾਤਾਕਾਲ ਉਠ ਗੁਰਾਂ ਦੀ ਪੜ੍ਹੇ ਬਾਣੀ,
ਉਹਦੇ ਵਿਚ ਗੁਰੂ ਅੰਗਦ ਦੀ ਰੂਹ ਹੈਸੀ।
ਅਮਰਦਾਸ ਜੀ ਬਾਣੀ ਨੂੰ ਰੋਜ਼ ਸੁਣਦੇ,
ਹਿਰਦੇ ਵਿਚ ਰਹਿੰਦੀ ਜੁਸਤਜੂ ਹੈਸੀ।
ਇਕ ਦਿਨ ਪੁਛਦੇ ਬੀਬੀ ਨੂੰ ਦੱਸ ਬੀਬੀ,
ਬਾਣੀ ਪੜ੍ਹੇਂ ਜੋ, ਕਿਸ ਦੀ ਬਣਾਈ ਹੋਈ ਏ?
ਬਾਣੀ ਵਾਲੇ ਦੇ ਮੈਨੂੰ ਕਰਾ ਦਰਸ਼ਨ,
'ਬੇਦੀ' ਦਿਲ ਦੇ ਵਿਚ ਸਮਾਈ ਹੋਈ ਏ।

ਬੀਬੀ ਅਮਰੋ ਜੀ ਦੇ ਮੂੰਹੋਂ ਗੁਰਬਾਣੀ ਦਾ ਜੋ ਆਖ਼ਰੀ ਸ਼ਬਦ ਉਚਾਰਨ ਹੋਇਆ ਅਤੇ ਜਿਸ ਨੂੰ ਸੁਣ ਕੇ (ਗੁਰੂ) ਅਮਰਦਾਸ ਜੀ, ਗੁਰੂ ਦਾ ਪਤਾ ਪੁਛਣ ਲਈ ਮਜਬੂਰ ਹੋ ਗਏ, ਉਹ ਇਹ ਸੀ:—

ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥ ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥੧॥ ਚਿਤ ਚੇਤਸਿ ਕੀ ਨਹੀ ਬਾਵਰਿਆ ॥ ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ਰਹਾਉ॥ ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ ॥ ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ ॥੨॥ ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ॥ ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨੀ ਚਿੰਤ ਭਈ ॥੩॥ ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥ ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥੪॥

[ਮਾਰੂ ਮਹਲਾ ੧, ਪੰਨਾ ੯੯੦

(ਗੁਰੂ) ਅਮਰਦਾਸ ਜੀ ਨੂੰ ਬੀਬੀ ਅਮਰੋ ਜੀ ਨੇ ਦਸਿਆ ਕਿ ਇਹ ਬਾਣੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ। ਸਰੀਰ ਕਰਕੇ ਤਾਂ ਉਹ ਇਸ ਦੁਨੀਆ ਵਿਚ ਨਹੀਂ, ਪਰ ਅੱਜ ਉਨ੍ਹਾਂ ਦੀ ਥਾਵੇਂ ਮੇਰੇ ਪਿਤਾ, ਸ੍ਰੀ ਗੁਰੂ ਅੰਗਦ ਦੇਵ ਜੀ ਬਿਰਾਜਮਾਨ ਹਨ, ਜੋ ਖਡੂਰ ਸਾਹਿਬ ਅੰਦਰ ਸੰਗਤਾਂ ਨੂੰ ਤਾਰ ਰਹੇ ਹਨ।

(ਗੁਰੂ) ਅਮਰਦਾਸ ਜੀ—ਪੁੱਤਰੀ! ਲੈ ਚੱਲ ਇਸ ਬੁਢੇ ਸਹੁਰੇ ਨੂੰ ਉਨ੍ਹਾਂ ਦੇ ਚਰਨਾਂ ਵਿਚ। ਤੇਰੇ ਮੁਖੋਂ ਬਾਣੀ ਸੁਣ ਕੇ ਅੱਜ ਨਿਸਚਾ ਬੱਝ ਗਿਆ ਹੈ ਕਿ ਤੇਰੇ ਪਿਤਾ ਜੀ ਕੋਈ ਮਹਾਨ ਵਿਅਕਤੀ ਹਨ। ਉਨ੍ਹਾਂ ਦੇ ਚਰਨਾਂ ਵਿਚ ਹੀ ਮੇਰਾ ਕਲਿਆਨ ਹੋ ਸਕਦਾ ਹੈ। ਮੈਂ ਤਾਂ ਐਵੇਂ ਸਾਕਾਦਾਰੀ ਦੇ ਝੂਠੇ ਖ਼ਿਆਲਾਂ ਵਿਚ ਫਸਿਆ ਰਿਹਾ ਹਾਂ।

ਬੀਬੀ ਅਮਰੋ ਜੀ—ਪਿਤਾ ਜੀ! ਮੇਰੇ ਵਲੋਂ ਤਾਂ ਕੋਈ ਉਜ਼ਰ ਨਹੀਂ। ਇਕ ਤਾਂ ਪਿਤਾ ਜੀ ਪਾਸ ਜਾਣ ਲਈ ਸਸ ਸਹੁਰੇ ਅਤੇ ਪਤੀ ਜੀ ਦੀ ਆਗਿਆ ਲੈਣੀ



www.AKJ.Org

ਜ਼ਰੂਰੀ ਹੈ। ਦੂਜਾ ਪਿਤਾ-ਗੁਰੂ ਜੀ ਦੇ ਸੱਦੇ ਤੋਂ ਬਿਨਾਂ ਮੈਂ ਕਦੀ ਪੇਕੇ ਨਹੀਂ ਗਈ। ਇਸ ਲਈ ਡਰਦੀ ਹਾਂ ਕਿ ਕਿਤੇ ਪਿਤਾ ਜੀ ਗੁੱਸੇ ਨਾ ਹੋ ਜਾਣ।

(ਗੁਰੂ) ਅਮਰਦਾਸ ਜੀ—ਤੇਰੇ ਸੱਸ ਸਹੁਰੇ ਅਤੇ ਪਤੀ ਪਾਸੋਂ ਆਗਿਆ ਤਾਂ ਮੈਂ ਲੈ ਦਿੰਦਾ ਹਾਂ। ਬਾਕੀ ਰਹੀ ਤੇਰੇ ਪਿਤਾ ਜੀ ਦੀ ਆਗਿਆ, ਇਸ ਸੰਬੰਧ ਵਿਚ ਉਥੇ ਜਾਣ ਨਾਲ ਉਹ ਤੈਨੂੰ ਕਦੀ ਗੁਸੇ ਨਹੀਂ ਹੋਣਗੇ। ਇਹ ਪਰਉਪਕਾਰ ਦਾ ਕੰਮ ਹੈ। ਤੂੰ ਕੋਈ ਆਪਣੇ ਲਈ ਥੋੜਾ ਚਲੀ ਹੈਂ! ਤੂੰ ਤਾਂ ਇਸ ਬੁਢੇ ਸਹੁਰੇ ਨੂੰ ਉਨ੍ਹਾਂ ਦੇ ਚਰਨੀਂ ਲਾਉਣ ਲਈ ਚਲੀ ਹੈਂ।

ਬੀਬੀ—ਚੰਗਾ ਪਿਤਾ ਜੀ, ਜਿਵੇਂ ਆਗਿਆ ਕਰੋ, ਓਵੇਂ ਤਿਆਰ ਹਾਂ।

(ਗੁਰੂ) ਅਮਰਦਾਸ ਜੀ ਨੇ ਬੀਬੀ ਅਮਰੋ ਜੀ ਦੇ ਸੱਸ ਸਹੁਰੇ ਅਤੇ ਪਤੀ ਪਾਸੋਂ ਆਗਿਆ ਲੈ ਦਿੱਤੀ। ਇਸ ਤਰ੍ਹਾਂ ਇਹ ਚੱਲ ਪਏ, ਅਤੇ ਜਾ ਪੁਜੇ ਖਡੂਰ ਸਾਹਿਬ। ਗੁਰੂ-ਦਰਬਾਰ ਦੇ ਨੇੜੇ ਜਾ ਕੇ ਬੀਬੀ ਅਮਰੋ ਜੀ ਨੇ ਕਿਹਾ—ਪਿਤਾ ਜੀ! ਤੁਸੀਂ ਜ਼ਰਾ ਇਥੇ ਠਹਿਰੋ। ਮੈਂ ਅੰਦਰ ਜਾ ਕੇ ਪਿਤਾ-ਗੁਰੂ ਜੀ ਪਾਸੋਂ ਤੁਹਾਡੇ ਆਉਣ ਦੀ ਆਗਿਆ ਲੈ ਲਵਾਂ।

(ਗੁਰੂ) ਅਮਰਦਾਸ—ਚੰਗਾ ਬੇਟੀ, ਜਿਵੇਂ ਤੂੰ ਕਹੇਂ।

ਬੀਬੀ ਅਮਰੋ ਜੀ ਇਕੱਲੇ ਗੁਰੂ-ਦਰਬਾਰ ਵਿਚ ਗਏ ਅਤੇ ਪਿਤਾ ਜੀ ਦੇ ਚਰਨਾਂ ਤੇ ਜਾ ਸੀਸ ਰਖਿਆ। ਗੁਰੂ ਸਾਹਿਬ ਨੇ ਬੇਟੀ ਦੇ ਸਿਰ ਨੂੰ ਪਿਆਰ ਨਾਲ ਪਲੋਸਦੇ ਹੋਏ ਕਿਹਾ—'ਉਠੋ ਬੇਟੀ! ਤੂੰ ਬਹੁਤ ਭਾਗਾਂ ਵਾਲੀ ਹੈਂ। ਇਕ ਵੱਡੇ ਪਰਉਪਕਾਰ ਵਾਲਾ ਕੰਮ ਕੀਤਾ ਹੈ। ਜਨਮ-ਜਨਮਾਂਤਰਾਂ ਦੀ ਪਿਆਸੀ ਭਟਕ ਰਹੀ ਰੂਹ ਨੂੰ ਗੁਰੂ ਨਾਨਕ ਸਾਹਿਬ ਦੇ ਲੜ ਲਾਉਣ ਲੱਗੀ ਹੈਂ। ਬੇਟੀ! ਇਹ ਧੁਰੋਂ ਆਇਆ ਮਹਾਂਪੁਰਖ ਹੈ, ਜੋ ਗੁਰੂ ਨਾਨਕ ਪਾਤਿਸ਼ਾਹ ਦੇ ਲੜ ਲਗ ਕੇ ਜਗਮਗਾ ਉਠੇਗਾ।

ਬੀਬੀ—ਪਿਤਾ ਜੀ! ਫਿਰ ਉਨ੍ਹਾਂ ਨੂੰ ਅੰਦਰ ਲੈ ਆਵਾਂ?

ਗੁਰੂ ਸਾਹਿਬ—ਹਾਂ! ਜੰਮ ਜੰਮ ਜਾਉ ਬੇਟਾ! ਉਨ੍ਹਾਂ ਨੂੰ ਅੰਦਰ ਲੈ ਆਉ।

ਇਹ ਸੁਣ ਕੇ ਬੀਬੀ ਜੀ ਬਾਹਰ ਗਏ ਅਤੇ (ਗੁਰੂ) ਅਮਰਦਾਸ ਜੀ ਨੂੰ ਅੰਦਰ ਲੈ ਆਏ। ਫਿਰ ਦੇਖੋ ਅੰਤਰਜਾਮੀ ਦਾਤਾਰ ਗੁਰੂ ਅੰਗਦ ਦੇਵ ਜੀ ਵੱਲ, ਜਦੋਂ (ਗੁਰੂ) ਅਮਰਦਾਸ ਜੀ ਨੂੰ ਡਿੱਠਾ ਤਾਂ ਕੁੜਮ ਸਮਝ ਕੇ ਉਨ੍ਹਾਂ ਦਾ ਸਤਿਕਾਰ ਕਰਨਾ ਚਾਹਿਆ। (ਗੁਰੂ) ਅਮਰਦਾਸ ਜੀ ਨੇ ਅੱਗੋਂ ਹੱਥ ਜੋੜਦੇ ਹੋਏ ਕਿਹਾ, "ਸੱਚੇ ਪਾਤਸ਼ਾਹ ਜੀ! ਮੈਂ ਤੁਹਾਡੇ ਦਰ ਤੇ ਕੁੜਮ ਬਣ ਕੇ ਨਹੀਂ ਆਇਆ, ਸੇਵਕ ਬਣ ਕੇ ਆਇਆ ਹਾਂ। ਆਪਣੇ ਚਰਨਾਂ ਨਾਲ ਜੋੜੋ।"

ਗੁਰੂ ਸਾਹਿਬ—ਪੁਰਖਾ! ਇਹੋ ਅਸੀਂ ਦੁਨੀਆ ਨੂੰ ਦਿਖਾਉਣਾ ਚਾਹੁੰਦੇ ਸਾਂ ਕਿ ਗੁਰੂ ਨਾਨਕ ਸਾਹਿਬ ਜੀ ਦੇ ਘਰ 'ਹਉਂ' ਲਈ ਕੋਈ ਥਾਂ ਨਹੀਂ। ਤੂੰ ਜੋ ਕੁੜਮਾਚਾਰੀ ਦਾ ਮਾਣ ਛੱਡ ਕੇ ਗੁਰੂ-ਦਰ ਤੇ ਡਿੱਗ ਰਿਹਾ ਹੈਂ, ਇਹ ਇਕ ਅਦੁੱਤੀ ਮਿਸਾਲ ਹੈ। ਵਾਹਿਗੁਰੂ ਦੀਆਂ ਤੇਰੇ ਤੇ ਬੇਅੰਤ ਮਿਹਰਾਂ ਹੋਣਗੀਆਂ।

(ਗੁਰੂ) ਅਮਰਦਾਸ ਜੀ ਨੇ ਆਪਣਾ ਸਿਰ ਗੁਰੂ ਸਾਹਿਬ ਦੇ ਚਰਨਾਂ ਤੇ ਰੱਖ ਦਿੱਤਾ ਅਤੇ ਆਗਿਆ ਪਾਂ ਕੇ ਸੇਵਾ ਵਿਚ ਜੁੱਟ ਗਏ। ਬੀਬੀ ਅਮਰੋ ਜੀ ਕੁਝ ਦਿਨ ਪੇਕੇ ਗੁਜ਼ਾਰ ਕੇ ਵਾਪਸ ਬਾਸਰਕੇ ਚਲੇ ਗਏ।

ਇਹੋ ਜਿਹੀਆਂ ਬੀਬੀਆਂ ਕਦੀ ਕਦੀ ਸੰਸਾਰ ਤੇ ਜਨਮ ਲੈਂਦੀਆਂ ਹਨ, ਜੋ 'ਆਪਿ ਜਪੈ ਅਵਰਹ ਨਾਮੁ ਜਪਾਵੈ' ਦੀ ਮਿਸਾਲ ਕਾਇਮ ਕਰ ਕੇ, ਮੁੱਖ ਉਜਲਾ ਲੈ ਕੇ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜਦੀਆਂ ਹਨ। ਜਿਥੇ ਬੀਬੀ ਅਮਰੋ ਜੀ ਦਾ ਮਹਾਨ ਪ੍ਰਭਾਵ (ਗੁਰੂ) ਅਮਰਦਾਸ ਜੀ ਤੇ ਪਿਆ ਸੀ, ਉਥੇ ਉਸ ਦਾ ਆਪਣਾ ਸੱਸ ਸਹੁਰਾ ਵੀ ਉਸ ਦੀ ਤੁਫ਼ੈਲ ਹੀ ਸਿੱਖੀ ਦਾਇਰੇ ਵਿਚ ਆਏ ਸਨ। ਉਸ ਦਾ ਆਪਣਾ ਪਤੀ ਪਹਿਲਾਂ ਹੀ ਸਿੱਖ ਸੱਜ ਚੁਕਾ ਸੀ, ਫਿਰ ਵੀ ਉਹ ਅਨੇਕਾਂ ਨੂੰ ਗੁਰੂ-ਪਿਤਾ ਜੀ ਦੀ ਚਰਨੀਂ ਲਾਉਣ ਦਾ ਭਾਰੀ ਵਸੀਲਾ ਬਣੀ।

ਧੰਨ ਬੀਬੀ ਅਮਰੋ ਜੀ! ਤੇਰੇ ਜਿਹੀ ਤੂੰ ਹੀ ਸੈਂ!!

—o—



www.AKJ.Org

# ਕੀ ਮਾਸ ਖਾਣ ਨਾਲ ਵੀਰਤਾ ਆਉਂਦੀ ਹੈ ?

[ਵਲੋਂ—ਜੇ. ਪੀ. ਸੰਗਤ ਸਿੰਘ ਜੀ, ੭੫/੩, ਬੰਬਈ–੮੨]

ਮਾਸ ਖਾਣ ਵਾਲੇ ਸਜਣ ਇਸ ਅਖਾਜ ਵਸਤੂ ਅਤੇ ਗੁਰਮਤਿ ਵਿਚ ਸਖ਼ਤ ਵਰਜਤ ਖਾਧ ਦਾ ਖਾਣਾ ਜਾਇਜ਼ ਦਰਸਾਣ ਲਈ ਇਹ ਵੀ ਇਕ ਥੋਦੀ ਦਲੀਲ ਦੇਂਦੇ ਹਨ ਕਿ ਮਾਸ ਖਾਣ ਨਾਲ ਮਨੁਖ ਵਿਚ ਸ਼ਕਤੀ ਤੇ ਵੀਰਤਾ ਆਉਂਦੀ ਹੈ। ਪਰ ਪਾਵਨ ਗੁਰੂ-ਬਾਣੀ ਅਤੇ ਸਾਇੰਸ ਦੇ ਤਜਰਬਿਆਂ ਨੇ ਇਹ ਗੱਲ ਗਲਤ ਅਤੇ ਨਿਰਮੂਲ ਸਾਬਤ ਕਰ ਦਿਤੀ ਹੈ।

ਪੁਰਾਤਨ ਗੁਰਸਿਖਾਂ ਵਿਚ ਆਖ਼ਰਾਂ ਦੀ ਸ਼ਕਤੀ, ਦਲੇਰੀ, ਦੇਸ਼ ਤੇ ਪੰਥ ਲਈ ਕੁਰਬਾਨੀ ਕਰਨ ਦੀ ਭਾਵਨਾ ਅਤੇ ਸ਼ਹੀਦੀਆਂ ਪਾ ਜਾਣ ਦੀ ਆਤਮਕ ਬਲਵਾਨਤਾ ਕੇਵਲ ਇਸੇ ਲਈ ਹੀ ਪ੍ਰਬਲ ਸੀ ਕਿ ਓਹ ਮਾਸ, ਸ਼ਰਾਬ ਤੇ ਹੋਰ ਅਭੱਖ ਵਸਤੂਆਂ ਦੇ ਸੇਵਨ ਤੋਂ ਪੂਰੀ ਤਰ੍ਹਾਂ ਬਚ ਕੇ ਰਹਿੰਦੇ ਸਨ। ਇਸੇ ਕਰਕੇ ਉਹ ਕੇਵਲ ਸਰੀਰਕ ਤੇ ਮਾਨਸਿਕ ਤੌਰ ਤੇ ਹੀ ਬਲਵਾਨ ਨਹੀਂ ਸਨ, ਸਗੋਂ ਉਹ ਬਚਨਾਂ ਦੇ ਵੀ ਸੂਰੇ ਅਤੇ ਆਚਰਨ ਦੇ ਵੀ ਮਹਾਂਬਲੀ ਹੁੰਦੇ ਸਨ।

ਜੇ ਕੇਵਲ ਮਾਸ ਖਾਣ ਨਾਲ ਹੀ ਮਨੁਖ ਵਿਚ ਸ਼ਕਤੀ ਤੇ ਵੀਰਤਾ ਆਉਂਦੀ ਹੁੰਦੀ ਤਾਂ ਸਾਡਾ ਇਤਿਹਾਸ ਇਹੋ ਜਿਹੀ ਇਕ ਮਿਸਾਲ ਵੀ ਪੇਸ਼ ਨਾ ਕਰ ਸਕਦਾ ਕਿ ਪੂਰਾ ਪੂਰਾ ਦੁੰਬਾ ਖਾ ਜਾਣ ਵਾਲਿਆਂ ਦੀ ਹਜ਼ਾਰਾਂ ਦੀ ਗਿਣਤੀ ਉਤੇ, ਕਈ ਕਈ ਦਿਨਾਂ ਦੇ ਭੁੱਖੇ ਅਤੇ ਭੁੰਨੇ ਛੋਲੇ ਖਾ ਖਾ ਕੇ ਡੰਗ ਟਪਾਈ ਕਰਨ ਵਾਲੇ ਉਂਗਲਾਂ ਉਤੇ ਗਿਣੇ ਜਾ ਸਕਣ ਵਾਲੇ ਸਿੰਘ ਕਈ ਵੇਰਾਂ ਭਾਰੂ ਹੋਏ ਤੇ ਇਹਨਾਂ ਪਾਟੇ ਕਛਹਿਰਿਆਂ ਵਾਲੇ ਭੁੱਖੇ ਸ਼ੇਰਾਂ ਨੇ ਪਹਾੜ ਵਰਗੀ ਮੁਗਲ ਤੇ ਤੁਰਕ ਹਕੂਮਤ ਨਾਲ ਮੱਥਾ ਲਾਇਆ ਤੇ ਅੰਤ ਤੀਕ ਜੂਝਦੇ ਰਹੇ।

"ਮਾਸ ਖਾਣ ਨਾਲ ਵੀਰਤਾ ਆਉਂਦੀ" ਦਾ ਭੁਲੇਖਾ ਹੀ ਸਾਡੇ ਮਾਸ ਖਾਣ ਵਾਲੇ ਵੀਰਾਂ ਨੂੰ ਅਜ ਵੀ ਗ਼ਲਤ-ਫ਼ਹਿਮੀ ਵਿਚ ਰਖ ਰਿਹਾ ਹੈ! ਪਰ ਜ਼ਰਾ ਗਹੁ ਨਾਲ ਜੇ ਵੇਖੀਏ ਕਿ ਭਾਰਤ ਦੀ ਇਕੋ ਧਰਤੀ ਉਤੇ, ਇਕੋ ਆਕਾਸ਼ ਹੇਠਾਂ, ਇਕੋ ਹੀ ਜਲ ਵਾਯੂ ਵਿਚ ਰਹਿ ਕੇ ਤੇ ਇਕੋ ਹੀ ਧਰਤੀ ਦਾ ਅੰਨ ਜਲ ਖਾ ਕੇ ਵੀ ਗੁਰੂ ਦਸਮੇਸ਼ ਦੇ ਸਿਖਾਂ ਵਿਚ ਦੇਸ਼ ਦੀਆਂ ਹੋਰ ਜਾਤੀਆਂ ਨਾਲੋਂ ਕੁਝ ਵਧ ਵਿਸ਼ੇਸ਼ਤਾ ਹੈ ਤਾਂ ਇਸ ਦਾ ਕਾਰਨ ਇਹ ਨਹੀਂ ਕਿ ਸਿਖਾਂ ਵਿਚ ਇਹ ਵੀਰਤਾ ਮਾਸ ਖਾਣ ਨਾਲ ਹੀ ਪ੍ਰਾਪਤ ਹੋਈ ਹੈ। ਕੀ ਬਾਕੀ ਦੇ ਦੇਸ਼-ਵਾਸੀ ਮਾਸ ਨਹੀਂ ਖਾਂਦੇ ?

ਫਿਰ ਸਿਖ ਸੂਰਬੀਰਾਂ ਵਿਚ ਉਹ ਕਿਹੜੀ ਵਖਰੀ ਗੱਲ ਹੈ ਜਿਹੜੀ ਕਿ ਉਹਨਾਂ ਨੂੰ ਵੀਰਤਾ ਤੇ ਸੂਰਮਗਤੀ ਦੀਆਂ ਉਚ ਰਵਾਇਤਾਂ ਸਥਾਪਿਤ ਕਰਨ ਵਿਚ ਬਾਕੀ ਸਭ ਦੇਸ਼-ਵਾਸੀਆਂ ਤੋਂ ਨਿਖੇੜਦੀ ਹੈ ?

ਮਾਸ ਖਾਣ ਵਾਲਿਆਂ ਦੀਆਂ ਨਜ਼ਰਾਂ ਵਿਚ ਇਸ ਦਾ ਮੁਖ ਕਾਰਨ ਸ਼ਾਇਦ ਮਾਸ ਖਾਣਾ ਹੀ ਹੋਵੇ, ਪਰ ਅਸਲੀਅਤ ਅਤੇ ਪਾਵਨ ਗੁਰੂ-ਬਾਣੀ ਇਸ ਗੱਲ ਦਾ ਖੰਡਨ ਕਰਦੀ ਹੈ। ਸ਼ਹਾਦਤ ਦੇ ਮੈਦਾਨ ਵਿਚ ਸਭ ਤੋਂ ਪਹਿਲੇ ਮਹਾਂਬਲੀ ਸੂਰਮੇ ਸ੍ਰੀ ਗੁਰੂ ਅਰਜੁਨ ਦੇਵ ਪਾਤਿਸ਼ਾਹ ਅਨੁਸਾਰ ਤਾਂ :—

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ
ਸੋ ਕਹੀਅਤ ਹੈ ਸੂਰਾ ॥ ਆਤਮੁ ਜਿਣੈ ਸਗਲ
ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥

(ਧਨਾਸਰੀ–੬੮੦)

"ਜਾ ਕੋ ਹਰਿ ਰੰਗ ਲਾਗੋ" ਅਤੇ ਜਿਹੜਾ "ਆਤਮ ਜਿਣੈ" ਕੇਵਲ ਉਹੋ ਹੀ ਸੂਰਾ ਹੋ ਸਕਦਾ ਹੈ। ਪਰ "ਆਤਮ ਜਿਣੈ" ਤਾਂ ਇਕ ਪਾਸੇ, ਜਿਹੜਾ ਜੀਭ ਸੁਆਦ ਨੂੰ ਵੀ ਜਿਤ ਨਹੀਂ ਸਕਦਾ ਉਹ ਸੂਰਮਾ ਕਿਵੇਂ ਹੋ ਸਕਦਾ ਹੈ ?

ਵਾਸਤਵ ਵਿਚ ਬਾਕੀਆਂ ਨਾਲੋਂ ਸਿਖਾਂ ਦੀ ਵਿਖੇਪਤਾ ਦਾ ਮੂਲ ਕਾਰਨ ਹੇਠ ਲਿਖੇ ਅਨੁਸਾਰ ਹੈ—

(੧) ਪਾਵਨ ਤੇ ਪਵਿੱਤਰ ਗੁਰੂ-ਬਾਣੀ, ਜਿਹੜੀ ਕਿ ਸਾਡੇ ਦੇਸ਼ ਵਿਚ ਹੋਰ ਕਿਸੇ ਨੂੰ ਉਪਲਬਧ ਨਹੀਂ ਹੈ।

(੨) ਕੇਸ ਅਤੇ ਸਾਬਤ ਸੂਰਤ, ਜਿਸ ਤੋਂ ਬਾਕੀ ਦੀਆਂ ਕੌਮਾਂ ਵੰਚਿਤ ਹਨ।

(੩) ਅੰਮ੍ਰਿਤ ਦੀ ਵਡਮੁੱਲੀ ਦਾਤ, ਜਿਹੜੀ ਕਿ ਕਿਸੇ ਹੋਰ ਨੂੰ ਪ੍ਰਾਪਤ ਨਹੀਂ।

(੪) ਤਮਾਕੂ ਤੋਂ ਪ੍ਰਹੇਜ਼, ਜਿਸ ਦੇ ਮਾਰੂ ਅਸਰ ਤੋਂ ਹੋਰ ਲੋਕੀ ਬਚ ਨਹੀਂ ਸਕੇ।



www.AKJ.Org

ਅਜ ਇਹ ਗੱਲ ਤਾਂ ਸੂਰਜ ਵਾਂਗ ਉਜਾਗਰ ਹੈ ਕਿ ਅਜ ਦਾ ਸਿਖ ਪੁਰਾਤਨ ਸਿਖਾਂ ਵਰਗਾ ਨਹੀਂ ਰਿਹਾ। ਇਸ ਦਾ ਮੂਲ ਕਾਰਨ ਇਹੋ ਹੈ ਕਿ ਉਹ ਅਹਾਰ ਅਤੇ ਆਚਰਨ ਦੇ ਪੱਖੋਂ ਕਮਜ਼ੋਰ ਹੋ ਗਿਆ ਹੈ। ਉਸ ਦੇ ਅਹਾਰ ਵਿਚ ਮਾਸ ਸ਼ਰਾਬ ਜਿਹੀ ਤਾਮਸਿਕ ਵਸਤੂ ਨੇ, ਉਸ ਨੂੰ ਆਚਰਨਕ ਪੱਖ ਤੋਂ ਵੀ ਦੂਸ਼ਤ ਕਰ ਦਿਤਾ ਹੋਇਆ ਹੈ। ਪਰ ਅਜੇ ਵੀ, ਪਵਿੱਤਰ ਕੇਸ, ਪਾਵਨ ਗੁਰੂ-ਬਾਣੀ ਤੇ ਅੰਮ੍ਰਿਤ ਦੀ ਪਵਿੱਤਰ ਦਾਤ ਅਤੇ ਤਮਾਕੂ ਜਿਹੀ ਨਖਿਧ ਵਸਤੂ ਤੋਂ ਪ੍ਰਹੇਜ਼ ਆਦਿ ਉਹਨਾਂ ਨੂੰ ਬਾਕੀ ਦੇਸ਼-ਵਾਸੀਆਂ ਤੋਂ ਵਿਸ਼ੇਸ਼ਤਾ ਤੇ ਵਿਖੇਧਤਾ ਦੇ ਰਹੀਆਂ ਹਨ। ਜੇ ਉਹ ਅਜ ਵੀ ਅਹਾਰ ਪਵਿੱਤਰਤਾ ਉਤੇ ਦ੍ਰਿੜ੍ਹ ਹੋ ਕੇ ਮਾਸ ਤੇ ਸ਼ਰਾਬ ਜਿਹੀਆਂ ਤਾਮਸਿਕ ਵਸਤੂਆਂ ਦਾ ਵੀ ਤਿਆਗ ਕਰ ਦਏ ਤਾਂ ਉਸ ਦੇ ਆਚਰਨ ਵਿਹਾਰ ਵਿਚ ਵੀ ਦ੍ਰਿੜ੍ਹਤਾ ਆ ਸਕਦੀ ਹੈ। ਅਥਵਾ ਪਹਿਲੇ ਵਰਗੀ ਸ਼ਕਤੀ ਤੇ ਵੀਰਤਾ ਮੁੜ ਸੁਰਜੀਤ ਹੋ ਸਕਦੀ ਹੈ।

ਪੁਰਾਤਨ ਗੁਰ ਸਿੰਘਾਂ ਵਿਚ ਉਪ੍ਰੋਕਤ ਗੁਣਾਂ ਨਾਲ ਆਪ-ਸੰਚਾਰੀ ਸ਼ਕਤੀ ਦੇ ਭਰੋਸੇ ਹੀ ਦਸਮ ਪਿਤਾ ਨੇ ਛਾਤੀ ਤਾਣ ਕੇ ਦਾਹਵਾ ਕੀਤਾ ਸੀ ਅਤੇ ਇਸ ਨੂੰ ਸਚ ਕਰ ਵਿਖਾਇਆ ਸੀ—"ਸਵਾ ਲਾਖ ਸੇ ਏਕ ਲੜਾਊਂ।"

ਇਹ ਇਕ ਅਟੱਲ ਸਚਾਈ ਹੈ ਕਿ ਮਨੁਖ ਜਿਹੋ ਜਿਹਾ ਕੁਝ ਖਾਂਦਾ ਹੈ ਓਹੋ ਜਿਹਾ ਹੀ ਹੋਈ ਜਾਂਦਾ ਹੈ। "ਜਿਹਾ ਅੰਨ ਤਿਹਾ ਮਨ", "ਜਿਹਾ ਅਹਾਰ ਤਹੇ ਵਿਚਾਰ" ਮਨੋ-ਵਿਗਿਆਨਿਕ ਤੌਰ ਤੇ ਇਹ ਗੱਲ ਸਿਧ ਹੋ ਚੁਕੀ ਹੈ ਕਿ ਜਿਸ ਬਕਰੇ ਨੂੰ ਲੱਤਾਂ ਪੈਰ ਬੰਨ੍ਹ ਨੂੜ ਕੇ, ਮੌਤ ਦੀ ਵੇਦੀ ਉਤੇ ਖੜਾ ਕੀਤਾ ਹੋਵੇ ਅਤੇ ਇਸ ਬੇਚਾਰਗੀ ਦੀ ਹਾਲਤ ਵਿਚ ਉਹ ਆਪਣੇ ਵਲ ਆ ਰਹੀ ਮੌਤ ਰੂਪੀ ਛੁਰੀ ਨੂੰ ਵੇਖ ਰਿਹਾ ਹੋਵੇ ਤਾਂ ਅਵਸ਼ ਹੀ ਉਹ ਮੌਤ ਦੇ ਹੌਲ ਨਾਲ ਸਹਿਮ ਜਾਂਦਾ ਹੈ। ਕੀ ਇਸ ਤਰ੍ਹਾਂ ਸਹਿਮੇ ਹੋਏ ਤੇ ਡਰੇ ਹੋਏ ਪਸ਼ੂ ਦਾ ਮਾਸ ਖਾ ਕੇ ਖਾਣ ਵਾਲੇ ਦੇ ਅੰਦਰ ਵੀਰਤਾ ਆਏਗੀ ਜਾਂ ਸਹਿਮ, ਹੌਲ ਤੇ ਡਰ?

ਬਕਰੇ ਵਿਚ ਆਪਣੇ ਕਤਲ ਸਮੇਂ ਆਈ ਬੇਚਾਰਗੀ, ਕਾਇਰਤਾ ਤੇ ਮਜਬੂਰੀ ਦੇ ਅਹਿਸਾਸ ਨਾਲ, ਝੂਰਦੇ ਬਕਰੇ ਦਾ ਮਾਸ ਖਾ ਕੇ ਕਾਇਰਤਾ, ਮਜਬੂਰੀ, ਬੇਚਾਰਗੀ ਤੇ ਝੂਰਨਾ ਆਏਗਾ ਜਾਂ ਮਰਦਾਨਗੀ, ਨਿਡਰਤਾ ਤੇ ਵੀਰਤਾ? ਮਾਸਾ-ਹਾਰੀ ਜੀਵਾਂ ਨਾਲੋਂ ਸਾਕਾਹਾਰੀ ਵਧੇਰੇ ਸ਼ਕਤੀਸ਼ਾਲੀ ਹੁੰਦੇ ਹਨ, ਜਿਹਾ ਕਿ ਹੇਠਾਂ ਦਿਤੀਆਂ ਕੁਝ ਮਿਸਾਲਾਂ ਪਰਗਟ ਕਰਦੀਆਂ ਹਨ :—

੧. ਹਾਥੀ ਦਾ ਅਕਾਰ ਤੇ ਸ਼ਕਤੀ ਸਾਰੇ ਪਸ਼ੂਆਂ ਨਾਲੋਂ ਵਧ ਹੁੰਦੀ ਹੈ। ਉਸ ਦੀ ਸ਼ਕਤੀ ਨੂੰ ਜੰਗਲ ਦਾ ਰਾਜਾ ਸ਼ੇਰ ਵੀ ਮੰਨਦਾ ਹੈ। ਹਾਥੀ ਸਾਕਾਹਾਰੀ ਹੈ, ਉਹ ਮਾਸ ਨਹੀਂ ਖਾਂਦਾ।

੨. ਹਿਰਨ ਤੇ ਨੀਲ-ਗਾਏ ਦੀ ਚਾਲ ਸਭ ਪਸ਼ੂਆਂ ਤੋਂ ਤੇਜ਼ ਹੁੰਦੀ ਹੈ, ਇਹ ਦੋਵੇਂ ਪਸ਼ੂ ਮਾਸਾਹਾਰੀ ਨਹੀਂ ਹਨ।

੩. ਘੋੜੇ ਤੇ ਊਠ ਦੀ ਸਹਿਨ ਸ਼ਕਤੀ, ਉਹਨਾਂ ਦੀ ਪ੍ਰੀਸ਼ਰਮ ਸ਼ੀਲਤਾ ਨੂੰ ਕੋਈ ਹੋਰ ਜੀਵ ਪੁਜ ਨਹੀਂ ਸਕਦਾ। ਇਹ ਦੋਵੇਂ ਹੀ ਸਾਕਾਹਾਰੀ ਹਨ।

੪. ਬੰਦਰ ਦੀ ਫੁਰਤੀ ਤੇ ਚੰਚਲਤਾ ਹੋਰ ਸਭਨਾਂ ਤੋਂ ਕਿਤੇ ਵਧ ਹੈ, ਇਹ ਵੀ ਸਾਕਾਹਾਰੀ ਹੀ ਹੈ।

੫. ਗਊ ਵਿਚ ਪਰਉਪਕਾਰੀ ਭਾਵਨਾ ਬਾਕੀ ਸਭਨਾਂ ਜੀਵਾਂ ਤੋਂ ਬਹੁਤ ਵਧ ਹੈ। ਇਹ ਵੀ ਮਾਸਾਹਾਰੀ ਨਹੀਂ ਹੈ।

੬. ਯੂਨਾਨੀਆਂ ਦੀ ਪ੍ਰਸਿਧ ਕੌਮ 'ਸਪਾਰਟਾ' ਜੋ ਆਪਣੇ ਸਮੇਂ ਬਹਾਦਰੀ ਵਿਚ ਆਪਣੀ ਮਿਸਾਲ ਆਪ ਹੀ ਸੀ, ਪੂਰਨ ਤੌਰ ਤੇ ਸਾਕਾਹਾਰੀ ਸੀ।

੭. ਰੋਮਨ ਫ਼ੌਜ ਵਿਚ ਸਪਾਰਟਨ ਜਾਤੀ ਦੇ ਲੋਕੀ ਸਭ ਤੋਂ ਵਧ ਹੁੰਦੇ ਹਨ। ਇਹਨਾਂ ਨੇ ਕਿਸੇ ਸਮੇਂ ਸਾਰਾ ਯੋਰਪ ਫ਼ਤਹ ਕੀਤਾ ਸੀ। ਇਹ ਲੋਕੀਂ ਪੂਰਨ ਤੌਰ ਤੇ ਸਾਕਾਹਾਰੀ ਹੁੰਦੇ ਹਨ।

੮. ਮੈਕਸੀਕੋ ਨਿਵਾਸੀ ਮੈਕਸੀਕੀਉਨ ਲੋਕੀ ਸਾਧਾਰਨ ਅਨਾਜ ਦੀ ਰੋਟੀ ਤੇ ਫਲ ਫ਼ਰੂਟ ਤੇ ਸਬਜ਼ੀਆਂ ਆਦਿ ਹੀ ਖਾਂਦੇ ਹਨ, ਮਾਸ ਬਿਲਕੁਲ ਨਹੀਂ ਖਾਂਦੇ। ਪਰ ਸਰੀਰਕ ਤੌਰ ਤੇ ਉਹ ਇਤਨੇ ਬਲਵਾਨ ਹਨ ਕਿ ਉਹਨਾਂ ਦੇ ਕਰਤਬ ਵੇਖ ਕੇ ਹੈਰਾਨ ਰਹਿ ਜਾਈਦਾ ਹੈ।

੯. ਮਹਾਰਾਜਾ ਅਸ਼ੋਕ ਦੀ ਬਹਾਦਰੀ, ਫ਼ਤਹਯਾਬੀ ਅਤੇ ਰਾਜਨੀਤੀ ਅਜ ਤੀਕ ਭਾਰਤ ਦੀ ਤਾਰੀਖ਼ ਦਾ ਗੌਰਵ ਬਣੀ ਹੋਈ ਹੈ। ਮਹਾਰਾਜਾ ਅਸ਼ੋਕ ਆਪ, ਤੇ ਉਸ ਦੀ ਸਾਰੀ ਸੈਨਾ ਪੂਰਨ ਤੌਰ ਤੇ ਸਾਕਾਹਾਰੀ ਸੀ।

੧੦. ਡਾ: ਸਮਿਥ ਦਾ ਕਹਿਣਾ ਹੈ ਕਿ ਯੂਰਪ ਵਿਚ ਪੋਲੈਂਡ ਅਤੇ ਹੰਗਰੀ ਦੇ ਸਿਪਾਹੀ ਸਭ ਤੋਂ ਵਧ ਚਲਾਕ ਤੇ ਤਾਕਤਵਰ ਮੰਨੇ ਜਾਂਦੇ ਹਨ, ਪਰ ਇਹ ਦੋਵੇਂ ਹੀ ਪੂਰਨ ਸਾਕਾਹਾਰੀ ਹਨ। ਇਹਨਾਂ ਦੀ ਖ਼ੁਰਾਕ ਵਧੇਰੇ ਕਰ ਕੇ ਆਲੂ ਹੀ ਹਨ।

੧੧. ਡਾ: ਇਨਫ਼ਿਨਸਟਨ ਲਿਖਦਾ ਹੈ :—ਕਿ ਗ੍ਰੀਨ-ਲੈਂਡ ਦੇ ਬਾਸ਼ਿੰਦੇ ਅਵਲ ਦਰਜੇ ਦੇ ਹਿੰਸਕ ਹਨ, ਮਾਸ ਹੀ ਉਹਨਾਂ ਦੀ ਖ਼ੁਰਾਕ ਦਾ ਵਡਾ ਭਾਗ ਹੈ। ਇਸ ਕਰਕੇ ਹੀ ਉਹ ਬੁਜ਼ਦਿਲ, ਠਿੰਗਣੇ ਤੇ ਕਾਇਰ ਹਨ।

੧੨. ਬਾਬਾ ਬੰਦਾ ਸਿੰਘ ਬਹਾਦਰ ਦੀ ਵੀਰਤਾ ਨੇ ਉਸ ਨੂੰ ਦੁਸ਼ਮਣਾਂ ਵਿਚ ਇਕ ਜਾਦੂਗਰ ਪ੍ਰਸਿਧ ਕਰ ਦਿਤਾ ਸੀ। ਉਸ ਦੀਆਂ ਕੇਵਲ ੭ ਸਾਲ ਦੀਆਂ ਜਿਤਾਂ ਤੇ ਦੁਸ਼ਮਣ ਦੇ ਦਿਲਾਂ ਵਿਚ ਬਿਠਾਏ ਦਹਿਲ ਤੋਂ ਕਉਣ ਇਨਕਾਰ ਕਰ ਸਕਦਾ ਹੈ? ਬਾਬਾ ਜੀ ਆਪ ਤੇ ਉਹਨਾਂ ਦੀ ਪੂਰੀ ਸੈਨਾ ਹੀ ਸਾਕਾਹਾਰੀ ਸੀ। ਬਾਬਾ ਜੀ ਤਾਂ ਪਿਆਜ਼ ਲਸਨ ਖਾਣ ਦੇ ਵੀ ਵਿਰੋਧੀ ਸਨ।

੧੩. ਪਿਛਲੀ ਸਦੀ ਵਿਚ ਸਿਖ ਪੰਥ ਦਾ ਪੁਨਰ ਨਿਰਮਾਣ ਕਾਰਜ ਛੁਹਣ ਵਾਲੇ ਅਤੇ ਅੰਗਰੇਜ਼ ਜਿਹੀ ਦੈਂਤ ਸ਼ਕਤੀ ਨਾਲ ਮਥਾ ਲਾ ਕੇ ਦੇਸ਼ ਸੁਤੰਤ੍ਰਤਾ ਦੀ ਲੜਾਈ ਅਰੰਭ ਕਰਨ ਵਾਲੇ, ਹੱਥਾਂ ਦੀਆਂ ਉਂਗਲਾਂ ਉਤੇ ਗਿਣੇ ਜਾ ਸਕਣ ਵਾਲੇ ਨਾਮਧਾਰੀ ਵੀਰਾਂ ਨੇ ਕੁਰਬਾਨੀ, ਵੀਰਤਾ, ਦ੍ਰਿੜ੍ਹਤਾ ਤੇ ਸ਼ਹਾਦਤ ਦੀਆਂ ਅਜਿਹੀਆਂ ਮਿਸਾਲਾਂ ਕਾਇਮ ਕੀਤੀਆਂ ਹਨ ਜੋ ਕਿ ਸੰਸਾਰ-ਇਤਿਹਾਸ ਚੋਂ ਕਿਤਿਓਂ ਨਹੀਂ ਮਿਲਦੀਆਂ। ਇਹ ਸਜਣ ਪੂਰਨ ਸਾਕਾਹਾਰੀ ਹਨ ਤੇ ਮਾਸ ਖਾਣ ਦੇ ਸਖ਼ਤ ਵਿਰੋਧੀ ਹਨ।

੧੪. ਅੰਗਰੇਜ਼ ਸਰਕਾਰ ਦੀ ਸ਼ਹਿ ਉਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨੇੜੇ ਬੁਚੜਖ਼ਾਨਾ ਖੁਲ੍ਹ ਜਾਣ ਨਾਲ ਜਦੋਂ ਕਾਵਾਂ ਤੇ ਇੱਲਾਂ ਦੁਆਰਾ ਉਥੋਂ ਹਡੀਆਂ ਚੁਕ ਚੁਕ ਪਾਵਨ ਸਰੋਵਰ ਤੇ ਦਰਬਾਰ ਸਾਹਿਬ ਦੀ ਪਵਿਤ੍ਰਤਾ ਭੰਗ ਹੋ ਰਹੀ ਸੀ ਤਾਂ ਇਸ ਨੂੰ ਮੁੜ ਬਹਾਲ ਕਰਨ ਲਈ ਕੋਈ ਵੀ ਮਾਸਾਹਾਰੀ ਸਿੰਘ ਮੈਦਾਨ ਵਿਚ ਨਿਤਰਨ ਦੀ ਜੁਰਅਤ ਨਹੀਂ

www.AKJ.Org

ਕਰ ਸਕਿਆ । ਉਦੋਂ ਜਿਹੜੇ ਸੂਰਬੀਰ ਆਪਣੀਆਂ ਜਾਨਾਂ ਹਥੇਲੀਆਂ ਤੇ ਰਖ ਕੇ ਨਿਤਰੇ ਸਨ, ਉਹ ਨਾਮਧਾਰੀ† ਵੀਰ ਹੀ ਸਨ ਤੇ ਪੂਰਨ ਸਾਕਾਹਾਰੀ ਸਨ ।

੧੫. ਸਿਖ ਇਤਿਹਾਸ ਦੇ ਚਮਕਦੇ ਸਿਤਾਰੇ ਸਾਡੇ ਸਾਰੇ ਸ਼ਹੀਦ ਸਿੰਘ ਪੂਰਨ ਸਾਕਾਹਾਰੀ ਸਨ । ਭਾ: ਤਾਰੂ ਸਿੰਘ, ਭਾ: ਸ਼ਾਹਬਾਜ਼ ਸਿੰਘ, ਭਾ: ਸੁਬੇਗ ਸਿੰਘ, ਸੂਰਮਾ ਬੋਤਾ ਸਿੰਘ, ਨਵਾਬ ਕਪੂਰ ਸਿੰਘ, ਭਾ: ਤਾਰਾ ਸਿੰਘ, ਭਾ: ਦਿਆਲਾ ਜੀ, ਭਾ: ਮਤੀ ਦਾਸ ਜੀ, ਭਾ: ਸਤੀ ਦਾਸ ਜੀ, ਭਾ: ਮਨੀ ਸਿੰਘ ਜੀ, ਬਾ: ਦੀਪ ਸਿੰਘ ਜੀ ਆਦਿ । ਇਹਨਾਂ ਚੋਂ ਭਾ: ਸਾ: ਭਾ: ਮਨੀ ਸਿੰਘ ਜੀ ਅਤੇ ਬਾ: ਦੀਪ ਸਿੰਘ ਜੀ ਦੀਆਂ ਸਥਾਪਿਤ ਕੀਤੀਆਂ ਟਕਸਾਲਾਂ ਅਜ ਵੀ ਕਾਇਮ ਹਨ ਤੇ ਆਪਣੀ ਪਰੰਪਰਾ ਤੇ ਆਪਣੇ ਪ੍ਰਾਰੰਭਕ ਮਹਾਂ ਪੁਰਸ਼ਾਂ ਦੇ ਉਪਦੇਸ਼ ਅਨੁਸਾਰ ਮਾਸਾਹਾਰ ਦੇ ਸਖ਼ਤ ਵਿਰੋਧੀ ਹਨ ।

੧੬. ਜਿਤਨੇ ਵੀ ਮਹਾਂ ਪੁਰਸ਼, ਸੰਤ, ਮਹਾਤਮਾ ਹੋਏ ਹਨ, ਅਥਵਾ ਅਜ ਮੌਜੂਦ ਹਨ, ਸਾਰੇ ਹੀ ਮਾਸਾਹਾਰ ਦੀ ਨਿਖੇਧੀ ਕਰਦੇ ਤੇ ਆਪ ਪੂਰਨ ਸਾਕਾਹਾਰੀ ਹਨ ।

੧੭. ਰਾਮ ਮੂਰਤੀ ਨੂੰ ਕੌਣ ਨਹੀਂ ਜਾਣਦਾ ! ਉਹ ਚਲਦੀਆਂ ਗਡੀਆਂ ਨੂੰ ਆਪਣੀ ਸ਼ਕਤੀ ਨਾਲ ਰੋਕਦਾ ਹੁੰਦਾ ਸੀ ਤੇ ਆਪਣੀ ਛਾਤੀ ਤੋਂ ਹਾਥੀ ਲੰਘਾਂਦਾ ਹੁੰਦਾ ਸੀ । ਓਹ ਪੂਰਨ ਸਾਕਾਹਾਰੀ ਸੀ ।

੧੮. ਸੰਸਾਰ ਵਿਖਿਆਤ ਦਾਰਸ਼ਨਿਕ ਰਾਹੁਲ ਵਾਲਡੋ ਇਮਰਸਨ ਪੂਰਨ ਸਾਕਾਹਾਰੀ ਸੀ । ਅਤੇ ਜੇ ਖੋਜ ਕੀਤੀ ਜਾਏ ਤਾਂ ਪਤਾ ਲਗੇਗਾ ਕਿ ਸੰਸਾਰ ਭਰ ਦੇ ਸਾਰੇ ਹੀ ਦਾਰਸ਼ਨਿਕ ਅਤੇ ਨਵੀਆਂ ਨਵੀਆਂ ਖੋਜਾਂ ਕਰਨ ਵਾਲੇ ਪੂਰਨ ਤੌਰ ਤੇ ਸਾਕਾਹਾਰੀ ਅਥਵਾ ਅੰਨ-ਅਹਾਰੀ ਹੀ ਸਨ ।

੧੯. ਅਜ ਵੀ ਸੰਸਾਰ ਦਾ ਸਭ ਤੋਂ ਵਧ ਬਲਵਾਨ ਤੇ ਤਾਕਤਵਰ ਵਿਅਕਤੀ ੫੦ ਸਾਲਾ ਮਿਸਟਰ ਵਾਲਟਰ ਕਾਰਨੇ ਲੀਅਸ ਹੈ, ਜਿਹੜਾ ਕੇਵਲ ਘਾਹ ਹੀ ਖਾਂਦਾ ਹੈ । ਇਹ ਰਸੀ ਨਾਲ ਬਧੀ ਹੋਈ ਬਸ ਨੂੰ ਫੜ ਕੇ ਚਲਣੋਂ ਰੋਕ ਦੇਂਦਾ ਹੈ । ਮੋਟਰ ਬੋਟ ਨੂੰ ਵੀ ਇਸੇ ਤਰ੍ਹਾਂ ਚਲਣੋਂ ਅਸਮਰਥ ਕਰ ਦੇਂਦਾ ਹੈ । ਇਹ ਅਜ ਕਲ ਪੀਟਰਬਰਗ ਇੰਗਲੈਂਡ ਵਿਚ ਲੋਕਾਂ ਨੂੰ ਤਰਨਾ ਸਿਖਾ ਰਿਹਾ ਹੈ ।

੨੦. ਅਜ ਦਾ ਰੁਸਤਮੇ ਭਾਰਤ ੧੮ ਸਾਲਾ ਸਤਪਾਲ, ਜਿਸ ਨੇ ਪਿਛੇ ਜਹੇ ਕੋਹਲਾਪੁਰ ਵਿਚ ਕੁਸ਼ਤੀ ਲੜ ਕੇ ਇਹ ਪਦ ਪ੍ਰਾਪਤ ਕੀਤਾ ਹੈ, ਪੂਰਨ ਤੋਰ ਤੇ ਸਾਕਾਹਾਰੀ ਹੈ ।

੨੧. ਸਯਦ ਸਾਹਿਬ ਸ਼ਾਹ ਪਹਿਲਵਾਨ ਵੀ ਪੂਰਨ ਸਾਕਾਹਾਰੀ ਹੈ ।

ਮਾਸ ਖਾਣ ਨਾਲ ਸੂਰਬੀਰਤਾ ਆਉਂਦੀ ਹੈ ਜਾਂ ਨਿਰਬਲਤਾ, ਇਸਦਾ ਪਰਤਾਵਾ ਤਾਂ ਸਹਿਜੇ ਹੀ ਹੋ ਸਕਦਾ ਹੈ—

ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਪ੍ਰਥਾ ਚਲਾਈ ਸੀ, ਉਹ ਸਾਲ ਵਿਚ ਦੋ ਵੇਰਾਂ ਹੋਲੀਆਂ ਅਤੇ ਬਸੰਤ ਉਤੇ ਸਿਖਾਂ ਦੀ ਬਹਾਦਰੀ ਤੇ ਵੀਰਤਾ ਪਰਖਣ ਲਈ ਗਤਕਾ, ਘੋੜ-ਸਵਾਰੀ, ਨੇਜ਼ਾ ਬਾਜ਼ੀ ਆਦਿ ਦੇ ਕਰਤਬ ਵੇਖਿਆ ਕਰਦੇ ਸਨ । ਇਸ ਪ੍ਰਥਾ ਤੋਂ ਸੇਧ ਲੈ ਕੇ ਜੇ ਅਜ ਅਸੀਂ ਗੁਰਪੁਰਬਾਂ ਅਥਵਾ ਹੋਰ ਸਮਾਗਮਾਂ ਉਤੇ ਮਾਸਾਹਾਰੀ ਤੇ ਸਾਕਾਹਾਰੀ ਸਜਣਾਂ ਦੀਆਂ ਵਖ ਵਖ ਟੋਲੀਆਂ ਬਣਾ ਕੇ ਉਹਨਾਂ ਦੇ ਹੇਠ ਲਿਖੇ ਅਨੁਸਾਰ ਮੁਕਾਬਲੇ ਕਰਾ ਕੇ ਉਹਨਾਂ ਦੇ ਬਲ ਤੇ ਸ਼ਕਤੀ ਦਾ ਨਿਰੀਕਸ਼ਣ ਕਰਨਾ ਅਰੰਭ ਦੇਈਏ ਤਾਂ ਪਤਾ ਲਗ ਜਾਏਗਾ ਕਿ ਮਾਸਾਹਾਰੀ ਸ਼ਕਤੀ ਨਿਪੁੰਨ ਹਨ ਜਾਂ ਸਾਕਾਹਾਰੀਆਂ ਵਿਚ ਤਾਕਤ ਜ਼ਿਆਦਾ ਹੈ—

੧. ਦੋਹਾਂ ਹੀ ਗਰੁਪਾਂ ਦੇ ਸਜਣਾਂ ਨੂੰ ਇਕ ਟਕ ਅਹਿਲ-ਚੌਕੜਾ ਮਾਰ ਕੇ ਬਿਠਾ ਦਿਤਾ ਜਾਏ ਤੇ ਵੇਖਿਆ ਜਾਏ ਕਿ ਬਿਨਾਂ ਹਿਲੇ ਜੁਲੇ ਸਥਿਰ ਅਵਸਥਾ ਵਿਚ ਮਾਸਾ-ਹਾਰੀ ਵਧੇਰੇ ਸਮੇਂ ਲਈ ਬੈਠ ਸਕਦਾ ਹੈ ਜਾਂ ਸਾਕਾਹਾਰੀ ।

੨. ਅਖੰਡਪਾਠਾਂ ਦੀ ਬੈਠਕ ਤੇ ਸਿਮਰਨ ਸਮਾਧੀ ਵਿਚ ਇਕੋ ਚੌਕੜੀ ਵਿਚ ਬਿਨਾਂ ਹਿਲੇ ਜੁਲੇ ਬਹੁਤੀ ਦੇਰ ਮਾਸਾਹਾਰੀ ਕਟ ਸਕਦਾ ਹੈ ਜਾਂ ਸਾਕਾਹਾਰੀ ।

੩. ਦੌੜਾਂ ਵਿਚ ਮਾਸਾਹਾਰੀ ਤੇਜ਼ ਦੌੜ ਸਕਦਾ ਹੈ ਜਾਂ ਸਾਕਾਹਾਰੀ ਅਤੇ ਜ਼ਿਆਦਾ ਦੇਰ ਦੋਹਾਂ ਚੋਂ ਕਿਹੜਾ ਦੌੜ ਸਕਦਾ ਹੈ ।

੪. ਉਚੀਆਂ ਬਿਲਡਿੰਗਾਂ ਦੀਆਂ ਪਉੜੀ ਚੜ੍ਹਾ ਕੇ ਵੇਖਿਆ ਜਾਏ ਕਿ ਮਾਸਾਹਾਰੀ ਜਲਦੀ ਉਪਰ ਪੁਜਦਾ ਹੈ ਜਾਂ ਸਾਕਾਹਾਰੀ ।

ਇਸੇ ਤਰ੍ਹਾਂ ਹੋਰ ਵੀ ਕਈ ਪਰਕਾਰ ਨਾਲ ਦੋਹਾਂ ਦੀ ਪਰਖ ਕੀਤੀ ਜਾ ਸਕਦੀ ਹੈ ।

ਸਾਡੇ ਵਿਚਾਰ ਵਿਚ ਸਾਕਾਹਾਰੀ ਇਹਨਾਂ ਸਭਨਾਂ ਮੁਕਾਬਲਿਆਂ ਵਿਚ ਮਾਸਾਹਾਰੀਆਂ ਨੂੰ ਮਾਤ ਪਾ ਜਾਣਗੇ ।

ਕਿਸੇ ਹਸਪਤਾਲ ਵਿਚ ਜਾ ਕੇ ਰੋਗੀਆਂ ਦਾ ਸਰਵੇਖਣ ਕੀਤਾ ਜਾਏ ਤਾਂ ਪਤਾ ਲਗੇਗਾ ਕਿ ਮਾਸਾਹਾਰੀਆਂ ਦੀ ਗਿਣਤੀ ਸਾਕਾਹਾਰੀਆਂ ਨਾਲੋਂ ਦੁਗਣੀ ਤੋਂ ਵੀ ਵਧ ਹੁੰਦੀ ਹੈ।

ਕਿਸੇ ਵੀ ਜੇਲ੍ਹ ਵਿਚ ਜਾ ਕੇ ਕੈਦੀਆਂ ਦੀ ਪੜਤਾਲ ਕੀਤੀ ਜਾਏ ਤਾਂ ਪਤਾ ਲਗੇਗਾ ਕਿ ਇਖ਼ਲਾਕੀ ਕੈਦੀਆਂ ਵਿਚ ੯੦ ਫੀ ਸਦੀ ਤੋਂ ਵਧ ਕੈਦੀ ਮਾਸਾਹਾਰੀ ਤੇ ਸ਼ਰਾਬੀ ਹੀ ਹੋਣਗੇ । ਕਿਸੇ ਮੈਂਟਲ ਹਸਪਤਾਲ ਵਿਚ ਜਾ ਕੇ ਰੋਗੀਆਂ ਦੀ ਪੜਤਾਲ ਕੀਤਿਆਂ ਪਤਾ ਲਗੇਗਾ ਕਿ ਉਥੇ ਦੇ ਰੋਗੀਆਂ ਚੋਂ ਬਹੁਤ ਵਡੀ ਗਿਣਤੀ ਮਾਸ ਖਾਣ ਵਾਲਿਆਂ ਅਤੇ ਸ਼ਰਾਬੀਆਂ ਦੀ ਹੀ ਨਿਕਲੇਗੀ ।

ਇਹ ਉਪ੍ਰੋਕਤ ਪੜਤਾਲਾਂ ਤੇ ਮੁਕਾਬਲੇ ਤਾਂ ਕਿਸੇ ਵੇਲੇ ਵੀ ਕੀਤੇ ਜਾ ਸਕਦੇ ਹਨ ।

ਪੰਥ ਵਿਚ ਪੁਰਾਣੇ ਤੇ ਅਸਲੀ ਨਿਰੰਕਾਰੀ, ਭਾ: ਸਾ ਭਾ: ਰਣਧੀਰ ਸਿੰਘ ਜੀ ਦੇ ਜਥੇ ਦੇ ਸਜਣ, ਭਾ: ਸਾਹਿਬ ਭਾ: ਮਨੀ ਸਿੰਘ ਜੀ ਤੇ ਬਾ: ਦੀਪ ਸਿੰਘ ਜੀ ਦੀਆਂ ਟਕਸਾਲਾਂ ਦੇ ਵਿਦਿਆਰਥੀ ਅਤੇ ਸ਼ਰਧਾਲੂ ਸਜਣ ਤੇ ਕਈ ਇਕ ਨਿਹੰਗ ਸਿੰਘ ਪੂਰਨ ਤੌਰ ਤੇ ਸਾਕਾਹਾਰੀ ਹਨ ਤੇ ਮਾਸਾਹਾਰ ਦੇ ਸਖ਼ਤ ਵਿਰੁਧ ਹਨ । ਨਾਮਧਾਰੀ ਤੇ ਰਾਧਾ ਸੁਆਮੀ ਸੰਪ੍ਰਦਾਵਾਂ ਵੀ ਮਾਸ ਦੇ ਸਖ਼ਤ ਵਿਰੋਧੀ ਹਨ ਅਤੇ ਪੂਰਨ ਤੌਰ ਤੇ ਸਾਕਾਹਾਰੀ ਹਨ ।

ਆਮ ਤੌਰ ਤੇ ਸਾਕਾਹਾਰੀ ਸਜਣ ਨਿਤਨੇਮ, ਸਿਮਰਨ ਤੇ ਰਹਿਤ ਬਹਿਤ ਵਿਚ ਮਾਸਾਹਾਰੀਆਂ ਨਾਲੋਂ ਜ਼ਿਆਦਾ ਦ੍ਰਿੜ੍ਹ ਤੇ ਪਰਪੱਕ ਹੁੰਦੇ ਹਨ ।

ਆਮ ਸੰਸਾਰੀ ਕਾਰ ਵਿਹਾਰ ਵਿਚ ਸਾਕਾਹਾਰੀ ਆਮ ਤੌਰ 'ਤੇ ਮਿਠਬੋਲੇ, ਨਿਮ੍ਰਤਾ ਵਾਲੇ ਤੇ ਆਚਰਨ ਵਿਚ ਸੁਚੇ ਤੇ ਬਚਨਾਂ ਦੇ ਪੂਰੇ ਹੁੰਦੇ ਹਨ ।

ਬਾਣੀ ਦੇ ਅਦਬ ਸਤਿਕਾਰ ਤੇ ਸੇਵਾ ਭਾਵਨਾ ਵੀ ਸਾਕਾਹਾਰੀਆਂ ਵਿਚ ਮਾਸਾਹਾਰੀਆਂ ਨਾਲੋਂ ਵਧ ਹੁੰਦੀ ਹੈ ।

---

†ਨਾਮਧਾਰੀ ਵੀਰਾਂ ਦਾ ਸੁਧ ਅਹਾਰ ਤੇ ਹੋਰ ਬਿਬੇਕ ਦੇ ਗੁਣ ਸ਼ਲਾਘਾ ਯੋਗ ਹਨ, ਪਰ ਉਨ੍ਹਾਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਤੋਂ ਮੁਨਕਰ ਹੋ ਕੇ ਪੰਥ ਨਾਲੋਂ ਟੁਟ ਜਾਣਾ ਸ਼ੋਕ ਮਈ ਹੈ ।

www.AKJ.Org

# 'ਸੂਰਾ' ਮਾਸਕ ਪੱਤਰ ਦੇ ਇਸ ਮਹੀਨੇ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਇਸ ਮਹੀਨੇ ਹੇਠ ਲਿਖੇ ਸਜਣਾਂ ਵਲੋਂ ਸੌ ਸੌ ਰੁਪਏ ਪੁਜੇ ਹਨ, ਜਿਨ੍ਹਾਂ ਦੀਆਂ ਰਕਮਾਂ ਬੈਂਕ ਵਿਚ ਜਮ੍ਹਾ ਕਰਾ ਕੇ ਪਾਠਕਾਂ ਦੇ ਨਾਵਾਂ ਦੀਆਂ ਐਫ. ਡੀਆਂ ਬਣਵਾ ਦਿਤੀਆਂ ਗਈਆਂ ਹਨ। ਹੇਠ ਇਨ੍ਹਾਂ ਪਾਠਕਾਂ ਦੇ ਨਾਂ, ਚਿਟ ਨੰਬਰ ਅਤੇ ਐਫ਼. ਡੀ. ਨੰਬਰ, ਸਣੇ ਤਰੀਕਾਂ ਦਿਤੇ ਜਾਂਦੇ ਹਨ :—

| | | | |
|---|---|---|---|
| 142. ਮੈ: ਗੁਰਬਚਨ ਸਿੰਘ ਸਤਨਾਮ ਸਿੰਘ | (ਚਿਟ ਨੰਬਰ 1308) | 205085/1458/76 | ਮਿਤੀ 27.8.76 |
| 143. ਡਾਕਟਰ ਉਤਮ ਸਿੰਘ ਜੀ | ( ,, 1294) | 205086/1459/76 | ,, |
| 144. ਸ. ਹਰਮਿੰਦਰ ਸਿੰਘ ਜੀ | ( ,, 940) | 205087/1460/76 | ,, |
| 145. ਸ. ਹਰਬੰਸ ਸਿੰਘ ਜੀ ਘੁੰਮਣ | ( ,, 1371) | 205088/1461/76 | ,, |
| 146. ਬੀਬੀ ਅਮਰਜੀਤ ਕੌਰ ਜੀ ਬੈਂਸ | ( ,, 1057) | 205089/1462/76 | ,, |
| 147. ਬੀਬੀ ਬਿੰਦਰਜੀਤ ਕੌਰ ਜੀ ਬੈਂਸ | ( ,, 1234) | 205090/1463/76 | ,, |
| 148. ਨਰਿੰਦਰਾ ਜਨਰਲ ਸਟੋਰ | ( ,, 914) | 205091/1464/76 | ,, |
| 149. ਸ: ਇੰਦਰ ਸਿੰਘ ਜੀ ਭਾਟੀਆ | ( ,, 1874) | 205092/1465/76 | ,, |
| 150. ਸ: ਸੁਬੇਗ ਸਿੰਘ ਜੀ | ( ,, 1952) | 205093/1466/76 | ,, |
| 151. ਸ. ਨਿਰਮਲ ਸਿੰਘ ਜੀ ਝਸ | ( ,, 628) | 205094/1467/76 | ,, |
| 152. ਸ. ਗੁਰਪਾਲ ਸਿੰਘ S/o ਗਿ. ਹਰਮੰਦਰਸਿੰਘ | ( ,, 1957) | 205095/1468/76 | ,, |

ਸਾਲ ਦੇ ਸਾਲ ਚੰਦਾ ਭੇਜਣ ਦੀ ਖੇਚਲ ਤੋਂ ਬਚਣ ਲਈ ਇਕੋ ਵਾਰ 100/- ਭੇਜੋ। ਇਹ ਰਕਮ ਪਾਠਕ ਦੀ ਅਮਾਨਤ ਹੋਵੇਗੀ, 'ਸੂਰਾ' ਪੱਤਰ ਨੇ ਕੇਵਲ ਚੰਦੇ ਵਜੋਂ ਸੂਦ ਲਈ ਜਾਣਾ ਹੈ।

## ਪਰਦੇਸਾਂ ਲਈ ਅਮਾਨਤੀ ਲਾਈਫ਼ ਮੈਂਬਰੀ ਦੀ ਰਕਮ

ਸਮੁੰਦਰੀ ਡਾਕ—ਸਭ ਦੇਸ਼ਾਂ ਲਈ 250/-
ਯੂ. ਕੇ. ਅਫਰੀਕਾ ਆਦਿ 650/-

ਹਵਾਈ ਡਾਕ—ਮਲਾਇਆ ਸਿੰਘਾਪੁਰ ਤੇ ਅਰਬ ਆਦਿ 500/-
ਅਮਰੀਕਾ ਕੈਨੇਡਾ ਆਦਿ 750/-!

---

[੩੪ ਸਫੇ ਦੀ ਬਾਕੀ]

ਮਾੜੀ ਗੱਲ ਤਾਂ ਨਹੀਂ ਕਰਦਾ, ਭਲੇ ਪਾਸੇ ਹੀ ਦਾਨ ਪੁੰਨ ਕਰ ਦੇਂਦਾ ਹੈ। ਪਿਤਾ ਕਾਲੂ ਬੀ ਪਿਆਰ ਕਰਦਾ ਸੀ ਬਹੁਤ, ਪਰ ਇਹ ਸੁਭਾ ਵੇਖ ਕੇ ਘਬਰਾ ਬਹੁਤ ਪੈਂਦਾ ਸਾਸੂ, ਸੋਚਦਾ ਸੀ ਮਤਾਂ ਪੁੱਤ ਕਮਲਾ ਨਾ ਹੋਵੇ। ਫੇਰ ਉਹ ਕਦੇ ਪ੍ਰੋਹਿਤ ਨੂੰ ਜਾ ਆਖਦਾ, ਤੂੰ ਆਖਦਾ ਸੈਂ ਵਡਾ ਲੋਕ ਹੋਵੇਗਾ, ਇਹ ਤਾਂ ਘਰ ਲੁਟਾਉਂਦਾ ਜਾਂਦਾ ਹੈ। ਤਾਂ ਉਸ ਨੇ ਕਾਲੂ ਜੀ ਦਾ ਦਿਲ ਧਰਾਉਣਾ ਤੇ ਆਖਣਾ:—ਜਜਮਾਨ ਜੀ! ਤੁਸੀਂ ਓਦਰੋ ਨਾ, ਜੋ ਪਰਮੇਸੁਰ ਵਲੋਂ ਦੁਨੀਆ ਨੂੰ ਸੁਖ ਦੇਣ ਆਉਂਦੇ ਹਨ, ਉਦਾਰ ਹੁੰਦੇ ਹਨ। ਇਹ ਤਾਂ ਸਭ ਤੋਂ ਵਡਾ ਦਾਤਾ ਆਇਆ ਹੈ। ਡੋਲ ਨਾ, ਨਿਹਚਾ ਰੱਖ।

ਭਲਾ, ਜਜਮਾਨ ਕੀ ਹੁੰਦਾ ਹੈ? ਬ੍ਰਾਹਮਣ ਨੂੰ ਲੋਕੀ ਪ੍ਰੋਹਿਤ ਆਖਦੇ ਹਨ ਤੇ ਪ੍ਰੋਹਿਤ ਉਹਨਾਂ ਨੂੰ ਜਜਮਾਨ ਆਖਦੇ ਹਨ ਜਿਨ੍ਹਾਂ ਕੋਲੋਂ ਪ੍ਰੋਹਿਤ ਲੈ ਕੇ ਖਾਂਦਾ ਪੀਂਦਾ ਹੈ। ਉਦਾਰ ਤੇ ਦਾਤਾ ਕਿਸ ਕਿਸ ਨੂੰ ਆਖੀਦਾ ਹੈ? ਜਿਸ ਦਾ ਦਿਲ ਲੋੜ ਵਾਲਿਆਂ ਨੂੰ ਕੁਛ ਦੇਣ ਲਈ ਕਰਦਾ ਹੋਵੇ ਤੇ ਦੇਣਾ ਚਾਹੇ ਉਹ 'ਉਦਾਰ ਚਿਤ' ਵਾਲਾ ਹੁੰਦਾ ਹੈ, ਜੋ ਦੇਂਦਾ ਹੈ ਉਹ 'ਦਾਤਾ' ਹੁੰਦਾ ਹੈ।

[ਪੁਸਤਕ ਸ੍ਰੀ ਗੁਰੂ ਨਾਨਕ ਦੇਵ ਜੀ ਬਾਲਮ ਸਾਖੀਆਂ ਵਿਚੋਂ ਧੰਨਵਾਦ ਸਹਿਤ

www.AKJ.Org

# ਦਿਲੀ ਵਿਖੇ ਸਾਲਾਨਾ ਕੀਰਤਨ ਸਮਾਗਮ

## ੩੦ ਸਤੰਬਰ ਵੀਰਵਾਰ ਸਵੇਰ ਤੋਂ ੩ ਅਕਤੂਬਰ ੧੯੭੬ ਐਤਵਾਰ ਸਵੇਰ ਤਕ

ਸਦਾ ਵਾਂਗ ਸਤਿਗੁਰ ਸ਼ਚੇ ਪਾਤਸ਼ਾਹ ਜੀ ਦੀ ਮੇਹਰ ਦਾ ਸਦਕਾ ਗੁਰਪੁਰਵਾਸੀ ਪੰਥ ਰਤਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ੨੯ ਸਤੰਬਰ ੧੯੭੬ ਸ਼ਾਮ ਨੂੰ ਦਿਲੀ ਪੁਜ ਰਹੇ ਹਨ। ਸਮੂਹ ਗੁਰਮੁਖ ਵੀਰ ਭੈਣਾਂ ਵਧ ਤੋਂ ਵਧ ਹਾਜ਼ਰੀਆਂ ਭਰ ਕੇ ਜਨਮ ਸਫ਼ਲਾ ਕਰੋ ਜੀ।

### ਪ੍ਰੋਗਰਾਮ

| ਸਵੇਰੇ ਕੀਰਤਨ ਆਸਾ ਦੀ ਵਾਰ | ਸ਼ਾਮ ਸੋਦਰ ਰਹਿਰਾਸ ਤੇ ਕੀਰਤਨ |
|---|---|
| ੩੦ ਸਤੰਬਰ ਗੁਰਦਵਾਰਾ ਸੀਸ ਗੰਜ ਸਾਹਿਬ | ਗੁਰਦਵਾਰਾ ਬੰਗਲਾ ਸਾਹਿਬ |
| ੧ ਅਕਤੂਬਰ ਗੁਰਦਵਾਰਾ ਬੰਗਲਾ ਸਾਹਿਬ | ਗੁਰਦਵਾਰਾ ਬੰਗਲਾ ਸਾਹਿਬ |
| ੨ ਅਕਤੂਬਰ ਗੁਰਦਵਾਰਾ ਬੰਗਲਾ ਸਾਹਿਬ | ਰੈਣ ਸਬਾਈ ਰਕਾਬ ਗੰਜ ਸਾਹਿਬ |

**ਅੰਮ੍ਰਿਤ-ਸਿੰਚਾਰ**—੨ ਅਕਤੂਬਰ ਸ਼ਨੀਵਾਰ ਦੁਪਹਿਰੇ ਦੋ ਵਜੇ ਗੁਰਦਵਾਰਾ ਰਕਾਬਗੰਜ ਸਾਹਿਬ ਵਿਖੇ

**ਰੈਣ-ਸਬਾਈ**—ਸ਼ਨੀਵਾਰ ਦੀ ਰਾਤ ਨੂੰ ਗੁ: ਰਕਾਬਗੰਜ ਵਿਖੇ, ਐਤਵਾਰ ਸਵੇਰੇ ਸਮਾਪਤੀ ਹੋਵੇਗੀ।

**ਨੋਟ**:--੧. ਪੁਛ ਗਿਛ ਲਈ—ਨੰਬਰ ੨/੮ ਬੀ ਬਲਾਕ, ਪੇਸ਼ਵਾ ਰੋਡ, ਗੋਲ ਮਾਰਕੀਟ, ਨਵੀਂ ਦਿਲੀ
੨. ਬਾਹਰੋਂ ਆਉਣ ਵਾਲੀਆਂ ਸੰਗਤਾਂ ਬਿਸਤਰੇ ਜ਼ਰੂਰ ਲਿਆਉਣ ਦੀ ਕਿਰਪਾਲਤਾ ਕਰਨ।
੩. ਬਾਹਰੋਂ ਆਉਣ ਵਾਲੀਆਂ ਸੰਗਤਾਂ ਦਾ ਉਤਾਰਾ ਗੁਰਦਵਾਰਾ ਬੰਗਲਾ ਸਾਹਿਬ ਵਿਖੇ ਹੋਵੇਗਾ।

ਦਾਸਰੇ—ਅਖੰਡ ਕੀਰਤਨੀ ਜੱਥਾ, ਦਿਲੀ

---

# ਸ੍ਰੀ ਮੁਕਤਸਰ ਸਾਹਿਬ ਵਿਖੇ ਅਖੰਡ ਕੀਰਤਨ ਸਮਾਗਮ

## ੧੬ ਸਤੰਬਰ ਵੀਰਵਾਰ ਸਵਰ ਤੋਂ ੧੯ ਸਤੰਬਰ ਐਤਵਾਰ ਸਵੇਰ ਤਕ

ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥਿਆਂ ਵਲੋਂ ਸ੍ਰੀ ਦਰਬਾਰ ਸਾਹਿਬ (ਟੁੱਟੀ ਗੰਢੀ) ਮੁਕਤਸਰ ਵਿਖੇ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਹੋ ਰਹੇ ਹਨ। ਸਮੂੰਹ ਵੀਰ ਭੈਣਾਂ ਆਏ ਦੀਦਾਰ ਬਖਸ਼ੋ ਜੀ।

੧੬ ਸਤੰਬਰ ਸਵੇਰੇ ੭—੦੦ ਅਰੰਭ ਸ੍ਰੀ ਅਖੰਡਪਾਠ ਸਾਹਿਬ ਸ੍ਰੀ ਦਰਬਾਰ ਸਾਹਿਬ (ਟੁੱਟੀ ਗੰਢੀ)
੧੭ ਸਤੰਬਰ ਸਵੇਰੇ ੬ ਤੋਂ ੯ ਅਖੰਡ ਕੀਰਤਨ ਗੁਰਦਵਾਰਾ ਟਿੱਬੀ ਸਾਹਿਬ ਵਿਖੇ
ਸ਼ਾਮ ੮ ਤੋਂ ੧੧ ਅਖੰਡ ਕੀਰਤਨ ਗੁਰਦਵਾਰਾ ਸ੍ਰੀ ਦਰਬਾਰ ਸਾਹਿਬ
੧੮ ਸਤੰਬਰ ਸਵੇਰੇ ੫ ਤੋਂ ੧੨ ਭੋਗ ਸ੍ਰੀ ਅਖੰਡਪਾਠ, ਉਪਰੰਤ ਅਖੰਡ ਕੀਰਤਨ ਸ੍ਰੀ ਦਰਬਾਰ ਸਾਹਿਬ
ਸ਼ਾਮ ੪ ਵਜੇ ਅੰਮ੍ਰਿਤ-ਸਿੰਚਾਰ ਅਰੰਭ ਅਤੇ ਸ਼ਾਮ ਨੂੰ ਚੌਕੀ ਸਾਹਿਬ ਦੇ ਭੋਗ ਉਪਰੰਤ ਰੈਣ ਸਬਾਈ ਕੀਰਤਨ ਅਰੰਭ, ਜਿਸ ਦੇ ਭੋਗ ੧੯ ਸਤੰਬਰ ਸਵੇਰੇ ਪੈਣਗੇ।

ਸੰਗਤਾਂ ਦੀ ਰਿਹਾਇਸ਼ ਗੁਰੂ ਕੀ ਸਰਾਂ ਸ੍ਰੀ ਮੁਕਤਸਰ ਸਾਹਿਬ ਵਿਖੇ ਹੋਵੇਗੀ. ਬਿਸਤਰੇ ਲੋੜ ਮੂਜਬ ਜ਼ਰੂਰ ਲਿਆਵੋ ਜੀ।

ਪੁਛ ਗਿਛ—ਭਾ. ਗੁਰਦੇਵ ਸਿੰਘ ਵੀਰਇੰਦਰ ਸਿੰਘ
ਮਕਾਨ ਨੰ: ੩੫੩੪, ਮਲੋਟ ਰੋਡ, ਮੁਕਤਸਰ

ਦਰਸ਼ਨ ਅਭਿਲਾਖੀ—ਸੰਗਤ ਮੁਕਤਸਰ

www.AKJ.Org